ਜਾ ਕਉ ਹਰਿ ਰੰਗੁ ਲਾਗੋ ਇਸ ਜੁਗ ਮਹਿ, ਸੋ ਕਹੀਅਤ ਹੈ ਸੂਰਾ ॥


ਮਾਸਕ ੴ ਪੱਤਰ

ਵਾਹਿਗੁਰੂ ਜੀ ਕੀ ਫ਼ਤਹ॥

# ਸੂਰਾ

ਪਟਿਆਲਾ

ਜੁਲਾਈ ੧੯੬੯




JUL

196

www.AKJ.Org

# ਲੇਖ-ਸੂਚੀ


| ਨੰ: | ਲੇਖ | ਪੰਨਾ | ਲੇਖਕ |
|---|---|---|---|
| ੧ | (ਸੰਪਾਦਕੀ) ਵਡਭਾਗੀ ਬਣੋ ! | ੪ | ਸੰਪਾਦਕ |
| | ਰਮ ਦੀ ਪ੍ਰਵਾਨਗੀ | ੫ | ਬਾਬੂ ਮਲ ਸਿੰਘ ਜੀ ਤਰਨਤਾਰਨ |
| | ਜਦੋਂ ਯਾਦ ਸ਼ਹੀਦਾਂ ਦੀ ਆਂਵਦੀ ਏ | ੭ | ਭਾਈ ਜਗਤ ਸਿੰਘ ਜੀ ਜਗਤ ਫਤੋਵਾਲ |
| | ਅੰਮ੍ਰਿਤ ਕਿਵੇਂ ਤੁਟਦਾ ਅਤੇ ਵਿਗੜਦਾ ਹੈ | ੮ | ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ |
| | ਸਮੁੰਦਰੀ ਘੋਗੇ (ਕਚੇ ਗੁਰੂ) | ੧੨ | ਸ: ਕਰਤਾਰ ਸਿੰਘ ਜੀ ਰਾਹੀ ਲਖਨਊ-2 |
| | ਜਾਗ ਸਲੋਨੜੀਏ...... | ੧੪ | ਸ. ਗੁਰਚਰਨ ਸਿੰਘ ਜੀ ਐਮ.ਏ., ਗੌ. ਹਾਈ ਸਕੂਲ ਨੂਰਮਹਿਲ |
| ੭ | ਕੇਸਾਂ ਦੀ ਮਹਾਨਤਾ | ੧੬ | ਭਾਈ ਜਗਤ ਸਿੰਘ ਜੀ 'ਜਗਤ' ਫਤੋਵਾਲ |
| ੮ | ਅੰਮ੍ਰਿਤ ਵੇਲਾ | ੧੯ | ਡਾ: ਤੇਜਇੰਦਰ ਸਿੰਘ ਜੀ ਭੁਪਾਲ |
| ੯ | ਏ ਦੁਇ ਨੈਨਾ ਮਤਿ ਛੁਹਉ...... | ੨੩ | ਭਾ: ਮਾਲਿਕ ਸਿੰਘ ਜੀ B.Sc. ਕਾਨਪੁਰ |
| ੦ | ਕਲਿ ਕਾਤੀ ਰਾਜੇ ਕਾਸਾਈ | ੨੯ | ਭਾ: ਮਨਮੋਹਨ ਸਿੰਘ ਜੀ M.Sc. ਪਟਨਾ |
| ੧ | ਕੀ ਦਸਮੇਸ਼ ਜੀ ਨੇ ਪੰਜ ਬਕਰੇ ਝਟਕਾਏ ? | ੩੩ | ਇਕ ਇਤਿਹਾਸਕ ਖੋਜੀ ਦੀ ਕਲਮ ਤੋਂ |
| ੨ | ਅੰਮ੍ਰਿਤ ਛਕੇ ਬਿਨਾਂ ਸੱਚਮੁਚ ਢੋਈ ਨਹੀਂ | ੩੫ | ਭਾਈ ਮਨਮੋਹਨ ਸਿੰਘ ਜੀ M.Sc. ਪਟਨਾ |
| ੩ | ਰੈਜ਼ੂਲੇਸ਼ਨ | ੩੬ | ਸਕੱਤਰ ਗੁਰੂ ਨਾਨਕ ਸਤਿਸੰਗ ਸਭਾ ਸਿੰਘਾਪੁਰ |
| ੪ | ਰਹਿਬਰ ਦਸਮੇਸ਼ ਨੂੰ | ੩੭ | ਭਾਈ ਗੁਰਮੀਤਪਾਲ ਸਿੰਘ ਜੀ 'ਵਾਰਿਸ' ਭੂੰਦੀਆਂ (ਜਲੰਧਰ) |
| ੫ | ਗੁਰਮਤਿ ਦੇ ਝਰੋਖੇ ਤੋਂ | ੩੮ | ਇਕ ਗੁਰਮਤਿ ਖੋਜੀ ਦੀ ਕਲਮ ਤੋਂ |
| ੬ | ਵਾਹਿਗੁਰੂ ਗੁਰਮੰਤ੍ਰ ਹੈ | ੪੦ | ਡਾ: ਦੇਵਿੰਦਰ ਸਿੰਘ ਜੀ ਲਸ਼ਕਰ |
| ੭ | ਇਕ ਅਕਾਲ ਸਹਾਏ ਲਿਖਾਣ ਵਾਲਾ | ੪੬ | ਬੀਬੀ ਹਰਬੰਸ ਕੌਰ ਸੂਦਾਰਨੀ ਨਾਨਕ ਸਿੰਘ ਸ਼ਹੀਦ ਪਟਿਆਲਾ । |



## 'ਸੂਰਾ' ਦੇ ਸਾਲਾਨਾ ਚੰਦੇ ਦਾ ਵੇਰਵਾ

ਦੇਸ ੬) ਰੁਪੈ    ਪ੍ਰਦੇਸ ੧੦) ਰੁਪੈ    ਇਕ ਕਾਪੀ ੬੦ ਪੈਸੇ

ਲਾਈਫ਼ ਮੈਂਬਰ—੧੫੦) ਰੁਪੈ


www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ, ਸੋ ਕਹੀਅਤ ਹੈ ਸੂਰਾ ॥

ੴ ਵਾਹਿਗੁਰੂ ਜੀ ਕੀ ਫਤਹਿ॥

# ਸੂਰਾ

# ਪਟਿਆਲਾ

ਮਾਸਕ ਪੱਤਰ

## ਗੁਰਮਤਿ ਪ੍ਰਚਾਰਕ ਮਾਸਕ ਪੱਤਰ

ਜਿਲਦ ਨੰ: ੩ | ਹਾੜ—ਸਾਵਣ ੪੯੯ ਨਾਨਕ ਸ਼ਾਹੀ | ਅੰਕ ਨੰ: ੬

ਸਾਵਣਿ ਸਰਸ ਮਨਾ ਘਣ ਵਰਸਹਿ ਰੁਤਿ ਆਏ ॥
ਮੈ ਮਨਿ ਤਨਿ ਸਹੁ ਭਾਵੈ ਪਿਰ ਪਰਦੇਸਿ ਸਿਧਾਏ ॥
ਪਿਰ ਘਰਿ ਨਹੀ ਆਵੈ ਦਾਮਨਿ ਚਮਕਿ ਡਰਾਏ ॥
ਸੇਜ ਇਕੇਲੀ ਖਰੀ ਦੁਹੇਲੀ ਮਰਣੁ ਭਇਆ ਦੁਖੁ ਮਾਏ ॥
ਹਰਿ ਬਿਨੁ ਨੀਦ ਭੂਖ ਕਹੁ ਕੈਸੀ ਕਾਪੜੁ ਤਨਿ ਨ ਸੁਖਾਵਏ ॥
ਨਾਨਕ ਸਾ ਸੁਹਾਗਣਿ ਕੰਤੀ ਪਿਰ ਕੈ ਅੰਕਿ ਸਮਾਵਏ ॥ ੯ ॥
ਤੁਖਾਰੀ ਛੰਤ ਮਹਲਾ ੧ ਬਾਰਹਮਾਹ ॥

ਆਨਰੇਰੀ ਐਡੀਟਰ :
ਮਨੋਹਰ ਸਿੰਘ

ਜੁਲਾਈ ੧੯੬੮

ਸੂਰਾ ਪ੍ਰਿੰਟਿੰਗ ਪ੍ਰੈਸ, ਰਾਘੋਮਾਜਰਾ, ਪਟਿਆਲਾ ਤੋਂ ਅਖੰਡ ਕੀਰਤਨੀ ਜਥਾ ਪਟਿਆਲਾ ਲਈ ਮਨੋਹਰ ਸਿੰਘ ਐਡੀਟਰ, ਪ੍ਰਿੰਟਰ ਤੇ ਪਬਲਿਸ਼ਰ ਨੇ ਛਪਵਾ ਕੇ ਦਫਤਰ "ਸੂਰਾ" ਰਾਘੋਮਾਜਰਾ, ਪਟਿਆਲਾ ਤੋਂ ੫ ਜੁਲਾਈ ੧੯੬੮ ਨੂੰ ਪ੍ਰਕਾਸ਼ਤ ਕੀਤਾ ।

www.AKJ.Org

# ਸੰਪਾਦਕੀ

## ਵੱਡ ਭਾਗੀ ਬਣੋ !

ਤੁਸੀਂ ਭਾਗਾਂ ਵਾਲੇ ਹੋ, ਜਿਨ੍ਹਾਂ ਨੂੰ ਕਲਜੁਗ ਵਿਚ ਸਿਰਜਨਹਾਰ ਨੇ ਮਾਨਸ-ਜਨਮ ਬਖਸ਼ਿਆ ਹੈ। ਇਹ ਮਾਨਸ-ਜਨਮ ਦੁਰਲਭ ਹੈ, ਜੋ ਵਡੇ-ਭਾਗਾਂ ਨਾਲ ਤੇ ਪੂਰਬਲੇ ਜਨਮ ਦੀ ਭਗਤ ਨਾਲ ਮਿਲਦਾ ਹੈ।

ਕਲਜੁਗ ਦੇ ਜੀਵ ਏਸੇ ਕਰਕੇ ਵੀ ਭਾਗਾਂ ਵਾਲੇ ਹਨ, ਕਿਉਂਕਿ ਕਲਜੁਗ ਦਾ ਤਾਰਨਹਾਰ ਨਾਨਕ ਦਸਮੇਸ਼-ਪਿਤਾ ਸਮਰਥ ਗੁਰੂ ਹੈ। ਗੁਰੂ ਨਾਨਕ ਪਾਤਸ਼ਾਹ ਨੇ ਦਸਾਂ ਜਾਮਿਆਂ ਵਿਚ ਕਲਜੁਗ ਜੀਵ ਨੂੰ ਪੂਰਨ ਮਨੁਖ ਬਣਨ ਦਾ ਅਮਲੀ ਸੁਨੇਹਾ ਦਿਤਾ।

ਪਰ ਕਲਜੁਗ ਵਿਚ ਮਾਇਆ ਦਾ ਪਸਾਰਾ ਇਤਨਾਂ ਪਰਬਲ ਹੈ, ਕਿ ਧਰਮ ਦੇ ਨਾ ਤੇ ਕਈ ਤ[illegible] ਦੀਆਂ ਠਗੀਆਂ ਪ੍ਰਚਲਤ ਹਨ। ਗੁਰਬਾਣੀ ਵਿਚੋਂ ਵਖੋ ਵੱਖ ਨਾਮ ਰਖ ਕੇ ਭੋਲੀ ਭਾਲੀ ਜਨਤਾ ਨੂੰ ਕੁਰਾ[illegible] ਪਾਇਆ ਜਾ ਰਿਹਾ ਹੈ ਤੇ ਝੂਠੀ ਮੁਕਤੀ ਦੇ ਲਾਰੇ ਦੇਕੇ ਮਾਇਆ ਇਕਤਰ ਕੀਤੀ ਜਾ ਰਹੀ ਹੈ। ਜਦ ਕਿ ਗੁਰਬਾਣੀ ਸਪਸ਼ਟਤਾ ਨਾਲ ਹੋਕੇ ਦਿੰਦੀ ਹੈ ਕਿ ਗੁਰੂ ਦੇ ਬਣੇ ਬਿਨਾਂ, ਗੁਰੂ ਹੁਕਮਾਂ ਦੀ ਘਾਲ ਘਾਲੇ ਬਿਨਾਂ, ਨਾ ਏਥੇ ਸੁਖ ਮਿਲ ਸਕਦਾ ਹੈ, ਨਾ ਦਰਗਾਹ ਵਿਚ ਢੋਈ ਮਿਲਦੀ ਹੈ।' ਭਾਵੇਂ ਕਲਜੁਗ ਵਿਚ ਸਾਰੇ ਹੀ ਭਾਗਾਂ ਵਾਲੇ ਹਨ, ਕਿਉਂਕਿ ਕਲਜੁਗ ਦੇ ਗੁਰਦੇਵ ਨੇ ਗ੍ਰਿਸਤ-ਉਦਾਸੀ ਦਾ ਰਾਹ ਚਲਾਕੇ ਲੋਕ-ਪ੍ਰਲੋਕ ਸਹਿਜੇ ਹੀ ਮੋਕਲਾ ਕਰ ਦਿਤਾ ਹੈ। ਪਰ ਸਭਦੂ ਵਡੇ-ਭਾਗ ਉਨ੍ਹਾਂ ਗੁਰਸਿਖਾਂ ਦੇ ਹਨ, ਜੋ ਸ੍ਰੀ ਦਸਮੇਸ਼ ਜੀ ਦੀ ਤੱਤ-ਮਰਯਾਦਾ ਅਨੁਸਾਰ ਖੰਡੇ ਦਾ ਅੰਮ੍ਰਿਤ ਪਾਨ ਕਰਕੇ, ਨਾਮ ਸਿਮਰਨ ਵਿਚ ਜੁਟੇ ਰਹਿੰਦੇ ਹਨ, ਗੁਰੂ ਹੁਕਮਾਂ ਦੀ ਘਾਲ ਘਾਲਣ ਲਈ ਸਦਾ ਸਾਵਧਾਨ ਰਹਿੰਦੇ ਹਨ, ਇਉਂ ਸਾਰੀ ਉਮਰ ਮਰਜੀਵੜੇ ਬਣ ਕੇ ਆਪਣਾ ਆਉਣਾ ਸਫਲ ਕਰਦੇ ਹਨ।

ਮੇਰੇ ਪਿਆਰਿਓ ! ਤੁਸੀਂ ਵੀ ਸਭਦੂ ਵਡੇ-ਭਾਗਾਂ ਵਾਲੇ ਬਣੋ।

---

(ਸਫ਼ਾ ੬ ਦੀ ਬਾਕੀ)

ਜਲ ਦੇ ਪ੍ਰਬੰਧ ਦੇ ਲਈ ਲੋੜਵੰਦ ਮਾਇਆ ਇਕਤਰ ਕਰਨ ਵਾਸਤੇ ਸਰਬ ਸੰਮਤੀ ਨਾਲ ਵਿਚਾਰ ਹੋਈ ਕਿ ਹਰ ਸਜਨ ਘਟੋ ਘਟ ਅਪਨਾ ਇਕ ਮਹੀਨੇ ਦਾ ਦਸਵੰਧ ਭਾ. ਇੰਦਰ ਸਿੰਘ ਖਾਲਸਾ ਬੂਟ ਹਾਊਸ ਗੰਜ ਬਾਜਾਰ ਸ਼ਿਮਲੇ ਨੂੰ ਭੇਜ ਦੇਣ ਅਤੇ ਇਸ ਦੀ ਪ੍ਰਵਾਨਗੀ ਸਤਿ ਸ੍ਰੀ ਅਕਾਲ ਦੇ ਜੈਕਾਰੇ ਨਾਲ ਹੋਈ ਉਪਰ ਲਿਖੀ ਇਕਰਾਰ ਕੀਤੀ ਮਾਇਆ ਸਭ ਸਿੰਘਾਂ ਜੀ ਭਾ. ਇੰਦਰ ਸਿੰਘ ਜੀ ਨੂੰ ਦਿਤੇ ਪਤੇ ਉਤੇ ਭੇਜ ਦੇਣ ਮਾਇਆ ਇਕਤਰ ਹੁੰਦੇ ਸਾਰ ਹੀ ਜਲ ਦੇ ਪ੍ਰਬੰਧ ਨੂੰ ਆਰੰਭ ਕਰ ਦਿਤਾ ਜਾਊਗਾ।



www.AKJ.Org

# ਲੁਧਿਆਣੇ ਵੈਸਾਖੀ ਸਮਾਗਮ ਤੇ ਪੰਚਮ ਦੀ ਪਰਵਾਨਗੀ

ੴ ਸ੍ਰੀ ਅਕਾਲ ਜੀ ਸਹਾਇ ॥

ਗੁਰਸਿਖ ਮੀਤ ਚਲੋ ਗੁਰ ਚਾਲੀ ॥

ਲੇਖ:—ਗੁਰਮਤ ਵਿਚਾਰ

੧. ਕੀਰਤਨ ਵਿਚ ਪਰਮਾਣ ਸਬਦ ਸਲੋਕ ਇਕ ਭਾਵ ਦੇ ਹੋਵਣ।

੨. ਕੀਰਤਨ ਵਿਚ ਗੁਰਸਬਦ (ਗੁਰ ਮੰਤਰ) ਦਾ ਅਲਾਪ ਥੋੜ੍ਹਾ ਕੀਤਾ ਜਾਵੇ।

੩. ਆਸਾ ਦੀ ਵਾਰ ਦਾ ਗੁਰ-ਮਰਯਾਦਾ ਅਨੁਸਾਰ ਵਕਤ ਭੋਗ ਨੀਅਤ ਕੀਤਾ ਜਾਵੇ।
(੧੦ ਵਜੇ ਤਕ ਭੋਗ ਪਾਇਆ ਜਾਵੇ)

੪. ਕੀਰਤਨ ਵਿਚ ਸਿਰ ਹਲਾਵਨ ਦੀ ਆਦਤ ਬੰਦ ਕੀਤੀ ਜਾਵੇ।

੫. ਰਾਗਮਾਲਾ ਪਾਠ ਵਿਚ ਨਾ ਜਾਇਆ ਜਾਵੇ ਜੇ ਜਾਵੇ ਤੇ ਉਠ ਆਵਣਾ ਯੋਗ ਨਹੀਂ ਹੈ।

੬. ਗੁਰ ਸੰਗਤ ਵਿਚ ਸਿੰਘ-ਸਿੰਘਣੀਆਂ ਦੀ ਪੋਸ਼ਾਕ ਜ਼ਰੂਰ ਸਾਦਾ ਸਾਫ਼ ਹੋਵੇ।

੭. ਜਿਥੇ ਤਕ ਹੋ ਸਕੇ ਮੁਖੀ ਕੀਰਤਨੀਏ ਸਿੰਘ-ਸਿੰਘਣੀ ਤਿਆਰ-ਬਰ-ਤਿਆਰ ਹੋਵੇ।

੮. ਸਿਖ ਪੰਥ ਦੇ ਆਮ ਸਿੰਘਾਂ ਨੂੰ ਮਾਸ ਖਾਣ ਕਰਕੇ ਪਤਿਤ ਨਾ ਕਿਹਾ ਜਾਵੇ।

੯. ਸਿੰਘ ਸਿੰਘਾਂ ਨੂੰ ਤੇ ਬੀਬੀਆਂ ਬੀਬੀਆਂ ਨੂੰ ਆਪਸ ਵਿਚ ਮਿਲਣ ਵੇਲੇ ਗਲਵਕੜੀ ਪਾ ਕੇ ਮਿਲ
ਪ੍ਰੰਤੂ ਸਿੰਘ ਬੀਬੀਆਂ ਆਪਸ ਵਿਚ ਮਿਲਣ ਤਾਂ ਫ਼ਤਹ ਗਜ ਉਣ।

੧੦. ਪੰਚਮ ਸੇਵਾ ਲਈ—ਨੜੀ ਮਾਰ ਤੋਂ ਖਾਣ ਵਾਲਾ ਲੈਣਾ ਅਯੋਗ ਹੈ।

੧੧. ਕੀਰਤਨ ਸਮਾਗਮ ਵਿਚ ਅੰਮ੍ਰਿਤ ਕੀਰਤਨ ਆਦਿਕ ਪੋਥੀਆਂ ਦਾ ਅਦਬ ਕਰਨਾ ਚਾਹੀਏ ਅਤੇ ਬਾਣੀ
ਕੰਠ ਕੀਰਤਨ ਹੋਵ।

੧੨. ਕਿਸੇ ਗੁਰਮੁਖ ਸਿੰਘ ਸਤ ਦੀ ਮਰਯਾਦਾ ਗੁਰ-ਮਰਯਾਦਾ ਤੁਲ ਨਹੀਂ ਹੋ ਸਕਦੀ।

੧੩. ਸੂਰਾ ਅਖ਼ਬਾਰ ਜਥੇ ਦੇ ਹਰ ਸਿੰਘ ਲਈ ਮੰਗਾਣਾ ਜ਼ਰੂਰੀ ਹੈ।

੧੪. ਕੀਰਤਨ ਸਮਾਗਮ ਵਿਚ ਸਟੇਜ ਸੈਕ੍ਰੇਟਰੀ ਮੁਕੱਰਰ ਹੋਣਾ ਚਾਹੀਦਾ ਹੈ ਜੋ ਸਮੇਂ ਦੀ ਵੰਡ ਕਰੇ।

੧੫. ਦੇਗ ਸ੍ਰੀ ਅਖੰਡ ਪਾਠ ਦੇ ਭੋਗ ਉਪ੍ਰੰਤ ਕੀਰਤਨ ਦੀ ਸਮਾਪਤੀ ਤੇ ਵਰਤਾਈ ਜਾਵੇ।

ਪੰਚਮ ਵਿਚ ਸ਼ਾਮਲ ਹੋਏ ਸਿੰਘਾਂ ਦੇ ਨਾਂ :—

੧. ਮਾਨਯਵਰ ਬਾਬੂ ਮਲ ਸਿੰਘ ਜੀ

੨. ਕਰਨਲ ਦਲਜੀਤ ਸਿੰਘ ਜੀ

੩. ਮਾਸਟਰ ਜਸਵੰਤ ਸਿੰਘ ਜੀ ਬੀ.ਏ., ਬੀ.ਟੀ.

੪. ਭਾਈ ਆਤਮਾ ਸਿੰਘ ਜੀ, ਪੰਜੋਖਰਾ ਸਾਹਿਬ

੫. ਮਾ: ਭੂਪਿੰਦਰ ਸਿੰਘ ਜੀ, ਬੀ.ਏ., ਬੀ.ਟੀ.

ਤਾਬੇ ਸਿੰਘ—ਡਾ: ਸੁਰਿੰਦਰ ਸਿੰਘ ਜੀ



www.AKJ.Org

# ਗੁਰਦਵਾਰਾ ਸਾਹਿਬ ਕੁਮਾਰ ਹਟੀ (ਸ਼ਿਮਲਾ)

(੩੧-੫-੬੮) ਸ਼ਹੀਦੀ ਗੁਰਪੁਰਬ (ਜੇਠ ਸੁਦੀ ਚੌਥ) ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੂੰ ਕੁਮਾਰ ਹਟੀ ਗੁਰਦਵਾਰਾ ਭਾ: ਸਾ: ਭਾਈ ਰਣਧੀਰ ਸਿੰਘ ਜੀ, ਵਿਖੇ ਅੰਮ੍ਰਿਤ ਵੇਲੇ ਦੀਵਾਨ ਸਜਿਆ, ਸ੍ਰੀ ਆਸਾ ਜੀ ਦੀ ਵਾਰ ਦੇ ਕੀਰਤਨ ਅਤੇ ਅਰਦਾਸ ਦੇ ਮਗਰੋਂ ਕੁਮਾਰ ਹਟੀ ਵਿਖੇ ਸਿੰਘਾਂ ਲਈ ਜਲ ਦੀ ਤੰਗੀ ਸਮਝ ਕੇ ਵੀਚਾਰ ਹੋਈ ਅਤੇ ਗੁਰਮਤਾ ਹੋਇਆ ਕਿ ਕੁਮਾਰ ਹਟੀ ਗੁਰਦਵਾਰਾ ਸਾਹਿਬ ਵਾਸਤੇ ਜਲ ਦੀ ਨਾਲੀ (Water pipes) ਦਾ ਪ੍ਰਬੰਧ ਕੀਤਾ ਜਾਏ ਅੰਦਾਜ਼ੇ ਅਨੁਸਾਰ ਇਸ ਕਾਰਜ ਉਤੇ ੪੦੦੦) ਦੀ ਜ਼ਰੂਰਤ ਹੈ, ਹੇਠ ਲਿਖੇ ਸਿੰਘਾਂ ਨੇ ਮਾਇਆ ਦੇਣ ਦਾ ਇਕਰਾਰ ਕੀਤਾ :—

| | |
|---|---|
| ੧ ਭਾ: ਆਤਮਾ ਸਿੰਘ ਪੰਜੋਖਰਾ ਸਾਹਿਬ | ੧੦੧) ਰੁਪੈ |
| ੨ ਡਾਕਟਰ ਦਰਸ਼ਨ ਸਿੰਘ ਲੁਧਿਆਨਾ | ੫੧) |
| ੩ ਅਖੰਡ ਕੀਰਤਨੀ ਜਥਾ ਗੁਰਦਾਸਪੁਰ | ੧੦੦) |
| ੪ ਭਾ. ਕੁਲਦੀਪ ਸਿੰਘ ਚੰਡੀਗੜ੍ਹ | ੨੦) |
| ੫ ਭਾ. ਠਾਕਰ ਸਿੰਘ ਅੰਬਾਲਾ ਸ਼ਹਿਰ | ੨੧) |
| ੬ ਭਾ. ਇੰਦਰ ਸਿੰਘ ਸ਼ਿਮਲਾ | ੨੫੦) |
| ੭ ਭਾ. ਕੁਲਦੀਪ ਸਿੰਘ ਬਠਿੰਡਾ | ੨੫੦) |
| ੮ ਭਾ. ਸੰਤ ਸਿੰਘ ਵਿੰਗ ਕਮਾਂਡਰ ਦਿਲੀ | ੧੦੧) |
| ਜੋੜ | ੮੯੪) |

ਹੇਠ ਲਿਖੇ ਸਜਨਾਂ ਨੇ ਮਾਇਆ ਨਕਦ ਅਰਦਾਸ ਕਰਾਈ—

| | |
|---|---|
| ੧ ਭਾ. ਸੰਤਾ ਸਿੰਘ ਕਪੂਰਥਲਾ | ੧੦੧) |
| ੨ ਭਾ. ਪ੍ਰਤੀਮ ਸਿੰਘ | ੧੦) |
| ੩ ਭਾ. ਸ਼ਕਰ ਸਿੰਘ | ੨੫) |
| ੪ ਭਾ. ਗੁਰਚਰਨ ਸਿੰਘ | ੧੦) |
| ੫ ਭਾ. ਅਜਮੇਰ ਸਿੰਘ ਡਗਸ਼ਈ | ੧੧) |
| ੬ ਭਾ. ਗੁਰਚਰਨ ਸਿੰਘ | ੫) |
| ੭ ਠੇਕੇਦਾਰ ਪ੍ਰੀਤਮ ਸਿੰਘ ਸ਼ਿਮਲਾ | ੨੦) |
| ੮ ਭਾ. ਕਸ਼ਮੀਰਾ ਸਿੰਘ | ੫) |
| ੯ ਸ. ਮਹਿੰਗਾ ਸਿੰਘ | ੧੦) |
| ੧੦ ਸ. ਸਜਨ ਸਿੰਘ | ੧੦) |
| ੧੧ ਸ. ਗਿਆਨ ਸਿੰਘ | ੫) |
| ੧੨ ਸ: ਸੇਵਾ ਸਿੰਘ | ੧੧) |
| ੧੩ ਸ. ਗੁਰਦੇਵ ਸਿੰਘ | ੧੦) |
| ਜੋੜ | ੨੩੩) ਰੁਪੈ |

(ਬਾਕੀ ਦੇਖੋ ਸਫਾ ੪ ਸੰਪਾਦਕੀ ਥਲੇ)

www.AKJ.Org

# ਜਦੋਂ ਯਾਦ ਸ਼ਹੀਦਾਂ ਦੀ ਆਵੰਦੀ ਏ

(ਭਾਈ ਜਗਤ ਸਿੰਘ ਜੀ "ਜਗਤ" ਫਤੇਵਾਲ)

ਜਿਸਦੀ ਜ਼ਿੰਦਗੀ ਕੌਮ ਦੀ ਅਣਖ ਹੋਵੇ, ਦਿਲ ਵਿਚ ਉਛਲਦਾ ਸਾਂਝਾ ਪਿਆਰ ਕੌਮੀ।
ਤੜਪ ਉਸ ਦਿਆਂ ਸੁਪਨਿਆਂ ਵਿਚ ਏਹੀ, ਖਿੜੀ ਰਹੇ ਇਹ ਸਾਡੀ ਗੁਲਜ਼ਾਰ ਕੌਮੀ।
ਨਿਤ ਆਰਜ਼ੂ ਦੇਸ਼ ਪੁਜਾਰੀਆਂ ਦੀ, ਰੱਬਾ ਪੈਦਾ ਨਾ ਹੋਵੇ ਗੱਦਾਰ ਕੌਮੀ।
ਵਾਂਹ ਨੀ ਦੇਸ਼ ਆਜ਼ਾਦੀਏ ਭਾਗ ਭਰੀਏ, ਭੁਲੇ ਤੈਨੂੰ ਸ਼ਹੀਦ ਸਰਦਾਰ ਕੌਮੀ।
ਧੁਰੋਂ ਬਾਣੀ ਲੈ ਆਏ ਸੀ ਗੁਰੂ ਨਾਨਕ, ਸੁਹਣਾ ਸ਼ਾਂਤੀ ਮੀਂਹ ਵਰਸਾ ਗਏ।
ਪੰਜਾ ਲਾ ਕੇ ਥਮਿਆਂ ਪ੍ਰਬਤਾਂ ਨੂੰ, ਪਾਪੀ ਦਿਲਾਂ ਨੂੰ ਪਿਆਰ ਸਿਖਾ ਗਏ।
ਤੁਰਕ ਹਿੰਦੂਆਂ ਦੇ ਬੰਧਨ ਕੱਟ ਸਾਰੇ, ਸਚ ਸਿਦਕ ਨੂੰ ਬਾਬੇ ਪਿਆਰਿਆ ਸੀ।
ਮਾਣ ਤੋੜ ਕੇ ਕਾਜ਼ੀਆਂ ਪੰਡਤਾਂ ਦੇ, ਬੇੜਾ ਭਾਰਤੀ ਡੁਬਦਾ ਤਾਰਿਆ ਸੀ।
ਦੇਸ਼ ਕੌਮ ਨੂੰ ਲੋੜ ਕੁਰਬਾਨੀਆਂ ਦੀ, ਬਾਬਰ ਆਪਣੇ ਪਾਪ ਤੋਂ ਹਾਰਿਆ ਸੀ।
ਪੰਜਵੀਂ ਜੋਤ ਵਿਚ ਆਏ ਸਨ ਗੁਰੂ ਅਰਜਨ, ਆਪਾ ਦੇਸ਼ ਲਈ ਜਿਨਾਂ ਨੇ ਵਾਰਿਆ ਸੀ।
ਜਹਾਂਗੀਰ ਨੂੰ ਫਿਟਕਾਂ ਜਗ ਦਿੰਦਾ, ਤੱਤੀ ਤੱਵੀ ਤੇ ਗੁਰੂ ਬਿਠਾਲਿਆ ਸੀ।
ਆਫਰੀਂ ਸ਼ਹੀਦਾਂ ਦੇ ਬਾਦਸ਼ਾਹ ਨੂੰ, ਭਾਣਾਂ ਮਨ ਕੇ ਜਿਨ੍ਹਾਂ ਦਿਖਾਲਿਆ ਸੀ।
ਝੱਗੜਾ ਸਤ ਅਸੱਤ ਦਾ ਰਿਹਾ ਚਲਦਾ, ਸੂਰਾ ਪਕੜ ਕੇ ਤੇਗ ਮਦਾਨ ਆਇਆ।
'ਹੇਮ ਕੁੰਟ ਤੋਂ ਰੱਬੀ ਜਲਾਲ ਲੈ ਕੇ'; ਕਲਗੀ ਵਾਲੜਾ ਦੇਸ਼ ਬਚਾਨ ਆਇਆ।
ਜ਼ੁਲਮੀ ਤੇਗ ਔਰੰਗੇ ਦੀ ਰੋਕਣੇ ਨੂੰ, ਸ਼ਸਤਰ ਪਹਿਨ ਕੇ ਨਵਾਂ ਜਵਾਨ ਆਇਆ।
ਸਦਕਾ ਉਸ ਨੂੰ ਇਕ ਅਕਾਲ ਦਾ ਸੀ, ਪੁਤਰ ਦੇਸ਼ ਤੋਂ ਕਰਨ ਕੁਰਬਾਨ ਆਇਆ।
ਅਜ ਤੇ ਥਾਂ ਥਾਂ ਗੱਦੀਆਂ ਲਾ ਬੈਠ, ਦੱਸੇ ਦੇਸ਼ ਲਈ ਵਾਰ ਪ੍ਰਵਾਰ ਅਪਨਾਂ।
ਸੂਰਜ ਵਾਂਗ ਇਤਹਾਸ ਪਿਆ ਚਮਕਦਾ ਏ, ਭੁਲੇ ਸਿੰਘਾਂ ਨੂੰ ਕਿਵੇਂ ਪਿਆਰ ਅਪਨਾਂ।
ਖੰਡੇ ਧਾਰ ਦਸਮੇਸ਼ ਦਾ ਪੀਣ ਵਾਲੇ, ਦੇਸ਼ ਕੌਮ ਦੀ ਨਬਜ਼ ਪਛਾਣਦੇ ਨੇ।
ਤੇਗ਼ਾਂ ਖਾਲਸੇ ਦੇਸ਼ ਲਈ ਮਾਰੀਆਂ ਜੋ, ਉਸਨੂੰ ਦੇਸ਼ ਪ੍ਰਦੇਸ਼ ਸਭ ਜਾਣਦੇ ਨੇ।
ਜਿਸ ਨੂੰ ਵਾਹਿਗੁਰੂ ਕੌਮੀ ਪਿਆਰ ਬਖਸ਼ੇ, ਨਿਘ ਉਸ ਦਾ ਲਖਾਂ ਹੀ ਮਾਣਦੇ ਨੇ।
ਰਹਿਤਵਾਨ ਸਿੰਘ ਲਾਡਲੇ ਵੀਰ ਮੇਰੇ, ਤੰਬੂ ਸਾਂਝੇ ਪਿਆਰ ਦਾ ਤਾਣਦੇ ਨੇ।
ਜਦੋਂ ਯਾਦ ਸ਼ਹੀਦਾਂ ਦੀ ਆਵੰਦੀ ਏ, ਹੰਜੂ ਰੋਕਿਆਂ ਅਖੀਉਂ ਰੁਕਦੇ ਨਾਂ।
ਕੌਮ ਦਰਦੀਆਂ ਨੂੰ ਜਾਣੇ 'ਜਗਤ' ਸਾਰਾ, ਜ਼ਾਲਿਮ ਪਾਪੀਆਂ ਮੂਹਰੇ ਉਹ ਝੁਕਦੇ ਨਾਂ।


www.AKJ.Org

# ਅੰਮ੍ਰਿਤ ਕਿਵੇਂ ਤੁਟਦਾ ਅਤੇ ਵਿਗੜਦਾ ਹੈ ?

( ਵਲੋਂ—ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ )

ਇਸ ਗੁਰਵਾਕ ਅੰਦਰਿ ਦਸੀ ਜੋ ਗਤੀ ਅੰਮ੍ਰਿਤੁ ਛਡ ਕੇ ਬਿਖ ਵਲ ਲਗੇ ਬੇ-ਮੁਖ ਸਿਖਾਂ ਦੀ ਹੁੰਦੀ ਹੈ, ਬੜੀ ਭਿਅੰਕਰ ਹੈ, ਪਰ ਜਿਨ੍ਹਾਂ ਨੇ 'ਸਤਿਗੁਰੂ ਕਾ ਭਉ ਛੋਡਿਆ' ਹੈ, ਉਹਨਾਂ ਬਿਖ ਦੇ ਕੀੜਿਆਂ ਨੂੰ ਇਹ ਗਤੀ ਭਿਅੰਕਰ ਪ੍ਰਤੀਤ ਹੀ ਨਹੀਂ ਹੁੰਦੀ । ਉਹਨਾਂ ਮਨਮੁਖੀ ਅਮੋੜਾਂ ਨੂੰ ਇਹਨਾਂ ਬਿਖੇ ਵਿਕਾਰਾਂ ਵਲੋਂ ਮੁਹਿ ਮੋੜਨ ਦਾ ਅਹਿਸਾਸ ਹੀ ਨਹੀਂ ਰਹਿੰਦਾ । ਉਹਨਾਂ ਮੁਹ ਮੈਲੇ ਮਨਮੁਖੀ ਬਿਖਈ ਜੰਤਾਂ ਨੂੰ ਆਪੋ ਬਹੁੜ ਗੁਰਮਤਿ ਅਤੇ ਗੁਰ ਸ਼ਬਦ ਗੁਰਮੰਤ੍ਰ ਨਾਮ ਅੰਮ੍ਰਿਤ ਪ੍ਰਾਪਤ ਹੀ ਨਹੀਂ ਹੋ ਸਕਦੇ । ਆਪਣੇ ਮਨ ਤਨ ਦੁਆਰਾ ਉਹ ਇਸ ਨਰਕ ਗਰਤ ਦਸ਼ਾ ਤੋਂ ਉਭਰ ਹੀ ਨਹੀਂ ਸਕਦੇ । ਗੁਰ ਸ਼ਬਦੁ ਗੁਰਦੀਖਿਆ ਗੁਰ-ਦੀਖਤ ਅਤੇ ਗੁਰਪਰਦਾਨਤ ਅੰਮ੍ਰਿਤ ਵਲੋਂ ਹੀ ਗੁਮਰਾਹ ਅਤੇ ਉਕੇ ਅਵਾਣ ਹੋ ਜਾਂਦੇ ਹਨ। ਉਹਨਾਂ ਦੀ ਬ੍ਰਿਪ੍ਰੀਤ ਬੁਧੀ ਕਾਮ ਕ੍ਰੋਧ ਆਦਿਕ ਵਿਸ਼ਿਆਂ ਵਿਚਿ ਗਰਕ ਹੋ ਕੇ ਵਿਨਾਸ ਹੋ ਜਾਂਦੀ ਹੈ ਅਤੇ ਸਤਿਗੁਰੂ ਦੇ ਭੈ ਤੋਂ ਹੀਣ ਖੀਣ ਹੋਏ ਹੋਏ ਵਿਸ਼ੇ ਵਿਕਾਰਾਂ ਦੇ ਵਹਿਣਾਂ ਵਿਚ ਰੁੜ੍ਹੇ ਤੁਰੇ ਜਾਂਦੇ ਹਨ, ਏਹਨਾਂ ਕਾਮ ਕ੍ਰੋਧ ਆਦਿਕ ਦੂਤਾਂ ਦਾ ਪਹਿਲਾਂ ਹੀ ਮਾਨੁਖਾ ਦੇਹੀ ਅੰਦਰਿ ਵਾਸਾ ਹੁੰਦਾ ਹੈ, ਗੁਰੂ ਅਤੇ ਗੁਰਮਤ ਨਾਮ ਤੋਂ ਬੇਮੁਖ ਹੋ ਕੇ ਅਤੇ ਗੁਰ ਅੰਮ੍ਰਿਤ ਪਾਤਕੀ ਹੋ ਕੇ ਉਹ ਉਹਨਾਂ ਹੀ ਦੂਤਾਂ ਦੇ ਫੰਦੇ ਵਿਚਿ ਫੇਰ ਫਸ ਜਾਂਦੇ ਹਨ। ਇਹ ਮੰਦ ਗਤੀ ਵਾਲੀ ਦਸ਼ਾ ਦਾ ਨਕਸ਼ਾ ਇਸ ਅਗਲੇਰੇ ਗੁਰਵਾਕ ਦੀਆਂ ਪਹਿਲੀਆਂ ਪੰਗਤੀਆਂ ਅੰਦਰ ਇਸ ਬਿਧ ਖਿਚਿਆ ਗਿਆ ਹੈ:—

ਇਸ ਦੇਹੀ ਅੰਦਰ ਪੰਚ ਚੋਰ ਵਸਹਿ ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ॥
ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ ਕੋਇ ਨ ਸੁਣੈ ਪੂਕਾਰਾ ॥
ਅੰਧਾ ਜਗਤ ਅੰਧ ਵਰਤਾਰਾ ਬਾਝ ਗੁਰੂ ਗੁਬਾਰਾ ॥ ੨ ॥
ਹਉਮੈ ਮੇਰਾ ਕਰਿ ਕਰਿ ਵਿਗੁਤੇ ਕਿਹੁ ਚਲੈ ਨ ਚਲਦਿਆ ਨਾਲਿ ॥
ਗੁਰਮੁਖਿ ਹੋਵੈ ਸੁ ਨਾਮ ਧਿਆਵੈ ਸਦਾ ਹਰਿ ਨਾਮੁ ਸਮਾਲਿ ॥
ਸਚ ਬਾਣੀ ਹਰਿ ਗੁਣ ਗਾਵੈ ਨਦਰੀ ਨਦਰਿ ਨਿਹਾਲ ॥ ੩ ॥
ਸਤਿਗੁਰ ਗਿਆਨੁ ਸਦਾ ਘਟਿ ਚਾਨਣ ਅਮਰ ਸਿਰਿ ਬਾਦਸਾਹਾ ॥
ਅਨਦਿਨ ਭਗਤ ਕਰਹਿ ਦਿਨ ਰਾਤੀ ਰਾਮੁ ਨਾਮੁ ਸਚੁ ਲਾਹਾ ॥
ਨਾਨਕ ਰਾਮਿ ਨਾਮਿ ਨਿਸਤਾਰਾ ਸਬਦੀ ਰਹੇ ਹਰਿ ਪਾਹਾ ॥ ੪ ॥

ਇਸ ਗੁਰਵਾਕ ਦੀਆਂ ਪਿਛਲੀਆਂ ਪੰਗਤੀਆਂ ਸਾਫ਼ ਸਪਸ਼ਟ ਕਰਦੀਆਂ ਹਨ ਕਿ ਪਤਿਤ ਹੋਇਆ ਪ੍ਰਾਣੀ ਪਤਿਤ ਦਸ਼ਾ ਤੋਂ ਉੱਭਰ ਕੇ ਫੇਰ ਗੁਰਮੁਖਿ ਬਣਿ ਜਾਵੇ ਤਾਂ ਹੀ ਉਹ ਬਹੁੜ ਨਾਮ ਧਿਆਵਨ ਵਾਲੀ ਸੁਰਤਿ ਬਿਰਤ ਨੂੰ ਸੰਭਾਲ ਸਕਦਾ ਹੈ ਅਤੇ ਇਤ ਬਿਧਿ ਹੀ ਉਸ ਦਾ ਨਿਸਤਾਰਾ ਫੇਰ ਹੋ ਸਕਦਾ ਹੈ। ਗੁਰਮੁਖ ਗੁਰੂ ਕਾ ਸਿਖ ਉਹ ਤਦੇ ਬਣ ਸਕਦਾ ਹੈ ਜੇ ਫੇਰ ਉਹ ਅੰਮ੍ਰਿਤ ਛਕੇ, ਗੁਰੂ ਦੁਆਰੇ ਹੋਇਕੇ ਨਾਮ ਕਮਾਈ ਵਾਲੇ ਪੰਜਾਂ ਗੁਰਮੁਖ ਪਿਆਰਿਆਂ ਤੋਂ ਅੰਮ੍ਰਿਤ ਛਕੇ ਅਤੇ ਗੁਰਮੁਖ


www.AKJ.org

ਪਦਵੀ ਦੀ ਅਸਥਿਰਤਾ ਤਦੇ ਹੀ ਰਹਿ ਸਕਦੀ ਹੈ, ਜੇਕਰ ਇਕ ਵਾਰ ਅੰਮ੍ਰਿਤ ਨਾਮ ਸੰਮਾਲ ਕੇ ਸਦਾ ਹੀ ਸੰਮਾਲੀ ਰਖੇ, ਖਿਨ ਖਿਨ ਨਾਮ ਅਭਿਆਸ ਕਮਾਈਆਂ ਕਰਦਾ ਰਹੇ । ਨਾਮ ਅਭਿਆਸ ਨੂੰ ਅਰੂੜ ਰਖਣ ਲਈ ਸੱਚੀ ਬਾਣੀ ਧੁਰ ਕੀ ਬਾਣੀ ਗੁਰਬਾਣੀ ਦਾ ਕੀਰਤਨ ਕਰਦਾ ਰਹੇ। ਨਿਤਾਪ੍ਰਤਿ ਗੁਰਬਾਣੀ ਦੇ ਕੀਰਤਨ ਦਾ ਪਰਚਾ ਪਾਈ ਰਖੇ, ਤਾਂ ਸਤਿਗੁਰੂ ਸਾਹਿਬ ਓਸ ਨੂੰ ਚੜ੍ਹਦੀ ਕਲਾ ਵਿਚ ਕਾਇਮ ਦਾਇਮ ਰੱਖਣ ਲਈ ਸਦਾ ਸਹਾਈ ਰਹਿੰਦੇ ਹਨ । ਇਸ ਬਿਧਿ ਉਹ ਗੁਰਮੁਖਿ ਜਨ ਗੁਰ-ਨਦਰ ਪਾਤਰ ਹੋ ਕੇ ਨਦਰੀ ਨਦਰ ਨਿਹਾਲ ਹੋ ਜਾਂਦਾ ਹੈ। ਏਥੇ ਅੱਪੜ ਕੇ ਅੰਮ੍ਰਿਤ ਨਾਮ ਰਸ ਜੋਤਿ-ਪ੍ਰਕਾਸ਼ ਹੋ ਕੇ ਓਸ ਦੇ ਰੋਮ ਰੋਮ ਵਿਖੇ ਲਹਿਰਾਉਂਦਾ ਹੈ, ਅਤੇ ਇਸ ਰਸ ਜੋਤ ਵਿਗਾਸੀ ਗਿਆਨ ਪ੍ਰਚੰਡ ਦਾ ਓਸਦੇ ਘਟ ਅੰਦਰਿ ਅਮਿਟ ਚਾਨਣਾ ਜਗਦਾ ਰਹਿੰਦਾ ਹੈ । ਇਸ ਜਾਗਤ-ਜੋਤਿ ਦੇ ਤੇਜ ਪਰਤਾਪ ਕਰਿ ਪੰਚੇ ਦੂਤ ਦਮਨ ਹੋ ਜਾਂਦੇ ਹਨ ਅਤੇ ਦਮਨ ਹੋਏ ਰਹਿੰਦੇ ਹਨ, ਫੁਰਨੇ ਮਾਤਰ ਭੀ ਨਹੀਂ ਫੁਰਦੇ । ਇਸ ਨਾਮ ਜੋਤਿ ਪ੍ਰਗਾਸੀ ਪ੍ਰਚੰਡ ਗੁਰਮਤ ਗਿਆਨ ਦੀ ਗੰਮਤਾ ਨੂੰ ਪ੍ਰਾਪਤ ਹੋਕੇ ਭੀ ਗੁਰਮੁਖ ਜਨ ਅਨਦਿਨ ਨਾਮ ਅਭਿਆਸ ਰੂਪੀ ਭਗਤੀ ਵਿਚ ਹੀ ਜੁਟੇ ਰਹਿੰਦੇ ਹਨ, ਕਿਉਂਕਿ ਗੁਰ ਹੁਕਮ ਗੁਰਮਤਿ ਅਨੁਸਾਰ ਦਿਨ ਰਾਤ ਨਾਮ ਅਭਿਆਸ ਵਿਚ ਲਗੇ ਰਹਿਣਾ ਹੀ ਮਾਨੁਖਾ ਜਨਮ ਦਾ ਸਚਾ ਲਾਹਾ ਹੈ। ਸਤਿਗੁਰੂ ਦਾ ਹੁਕਮਾਂ ਸਿਰ ਹੁਕਮ ਤਤ ਬਾਦਸ਼ਾਹੀ ਹੁਕਮ ਬੱਸ ਏਹੀ ਹੈ । ਬੱਸ ਏਸੇ ਸਿਫਤਿ ਸਾਲਾਹੀ ਹੁਕਮ ਦੀ ਕਮਾਈ ਦੁਆਰਾ ਹੀ ਹੁਕਮੀ ਬੰਦੇ ਗੁਰਸ਼ਬਦ ਕਮਾਵਨਹਾਰੇ ਜਨਾਂ ਦਾ ਤਤ ਨਿਸਤਾਰਾ ਹੈ, ਅਤੇ ਇਸ ਤੱਤ ਦਾ ਨਿਸਤਾਰਾ ਕਰਨਹਾਰੇ ਨਾਮ ਵਿਚ ਰਤਿਆਂ ਹੀ ਨਾਮੀ ਵਾਹਿਗੁਰੂ ਨੂੰ ਪਾਈਦਾ ਹੈ। ਤਾਂਤੇ ਅੰਮ੍ਰਿਤਧਾਰੀ ਗੁਰਮੁਖਿ ਦਾ ਇਕ ਖਿਨ ਨਾਮ ਅਭਿਆਸ ਕਮਾਈ ਤੋਂ ਦੂਰ ਹੋਣ ਦਾ ਮਕਦੂਰ ਨਹੀਂ । ਇਉਂ ਘਾਲ ਕਮਾਈਆਂ ਥਾਇ ਪੈਂਦੀਆਂ ਹਨ ਅਤੇ ਇਉਂ ਅੰਮ੍ਰਿਤ ਛਕਿਆ ਸਫਲਾ ਰਹਿੰਦਾ ਹੈ ਤੇ ਇਉਂ ਅੰਮ੍ਰਿਤ ਦੀ ਸੱਚੀ ਪਵਿੱਤ੍ਰਤਾ ਪ੍ਰਸਿਧ ਹੁੰਦੀ ਹੈ, ਐਵੇਂ ਗੱਲੀਂ ਬਾਤੀਂ ਨਹੀਂ । ਨੁਕਤਾਚੀਨੀਆਂ ਕਰਨਹਾਰੇ ਦੀ ਅਹੰਗਤਾ ਹੀ ਵਧਦੀ ਹੈ, ਗੁਰਮਤ ਅਸੂਲਾਂ ਅੰਦਰ ਕੋਈ ਫ਼ਰਕ ਨਹੀਂ ਆਉਂਦਾ । ਗੁਰਮਤਿ ਅਸੂਲਾਂ ਉਤੇ ਮਨ ਦੀ ਮਤਿਸਰ ਦੁਆਰਾ ਛਾਨ ਬੀਨ ਕਰਨਾ ਇਹ ਗੁਰਮਤ ਅਸੂਲਾਂ ਦੀ ਵਿਰੋਧਤਾ ਹੈ, ਅਤੇ ਗੁਰਮਤ ਤੋਂ ਬਾਗ਼ੀ ਹੋਣ ਵਾਲੀ ਗਲ ਹੈ । ਗੁਰਮਤਿ ਅਸੂਲਾਂ ਨੂੰ ਗੁਰਬਾਣੀ ਦੀ ਰੋਸ਼ਨੀ ਅਨੁਸਾਰ ਹੀ ਵਿਚਾਰਿਆ ਜਾਵੇ, ਤਾਂ ਗੁਣਕਾਰੀ ਹੁੰਦਾ ਹੈ, ਨਹੀਂ ਤਾਂ ਪੱਲੇ ਕੁਛ ਨਹੀਂ ਪੈਂਦਾ, ਸਗੋਂ ਅਗਲੀ ਖੇਪ ਵੀ ਗਵਾ ਲਈਦੀ ਹੈ।

## ਪਤਿਤ ਲੋਕਾਂ ਦੀ ਦਸ਼ਾ ਤੇ ਇਸ ਦਾ ਇਲਾਜ

ਗਏ ਗੁਆਤਿਆਂ ਅੰਮ੍ਰਿਤ ਪਾਤਕੀ ਜੰਤਾਂ ਉਤੇ ਤਰਸ ਖਾ ਕੇ ਗੁਰੂ ਸਾਹਿਬ ਐਹੋ ਜੇਹੇ ਗੁਰਵਾਕ ਉਚਾਰਨ ਕਰਦੇ ਹਨ:—

'ਲਖ ਚਉਰਾਸੀਹ ਭ੍ਰਮਤੇ ਭ੍ਰਮਤੇ ਦੁਲਭ ਜਨਮੁ ਅਬ ਪਾਇਓ ॥੧॥ ਰੇ ਮੂੜੇ ਤੂ ਹੋਛੇ ਰਸ ਲਪਟਾਇਓ ॥ ਅੰਮ੍ਰਿਤੁ ਸੰਗਿ ਬਸਤੁ ਹੈ ਤੇਰੈ ਬਿਖਿਆ ਸਿਉ ਉਰਝਾਇਓ ॥ ਰਤਨ ਜਵੇਹਰ ਬਨਜਨਿ ਆਇਓ ਕਾਲਰ ਲਾਦਿ ਚਲਾਇ ॥' ਪੁਨਾ—'ਮਨਮੁਖ ਲਹਿਰ ਘਰੁ ਤਜਿ ਵਿਗੁਚੇ ਅਵਰੇ ਕੇ ਘਰਿ ਹੇਰੇ ॥ ਗ੍ਰਿਹ ਧਰਮ

www.AKJ.Org

ਗਵਾਏ ਸਤਿਗੁਰ ਨ ਭੇਟੈ ਦੁਰਮਤਿ ਘੂਮਨ ਘੇਰੈ ॥ ਦਿਸੰਤਰਿ ਭਵੈ ਪਾਠ ਪੜਿ ਥਾਕਾ ਤ੍ਰਿਸਨਾ ਹੋਇ ਵਧੇਰੈ ॥ ਕਾਚੀ ਪਿੰਡੀ ਸਬਦੁ ਨ ਚੀਨੈ ਉਦਰ ਭਰੈ ਜੈਸੇ ਢੋਰੈ ॥...ਪਾਠ ਪੜੈ ਮੁਖਿ ਝੂਠ ਬੋਲੈ ਨਿ ਗੁਰੇ ਕੀ ਮਤਿ ਓਹੈ ॥ ਨਾਮ ਨ ਜਪਈ ਕਿਉ ਸੁਖੁ ਪਾਵੈ ਬਿਨ ਨਾਵੈ ਕਿਉ ਸੋਹੈ...ਮਨੂਆ ਡੋਲੈ ਦਹਿਦਿਸ ਧਾਵੈ ਬਿਨ ਰਤ ਆਤਮ ਗਿਆਨਾ ॥ ਅੰਮ੍ਰਿਤ ਛੋਡ ਮਹਾ ਬਿਖੁ ਪੀਵੈ ਮਾਇਆ ਕਾ ਦੇਵਾਨਾ ॥ ਕਿਰਤੁ ਨ ਮਿਟਈ ਹੁਕਮ ਨ ਬੂਝੈ ਪਸੂਆ ਮਾਹਿ ਸਮਾਨਾ...... ॥ ਇਸਤ੍ਰੀ ਤਜਿ ਕਰਿ ਕਾਮਿ ਵਿਆਪਿਆ ਚਿਤੁ ਲਾਇਆ ਪਰ ਨਾਰੀ ॥ ਸਿਖ ਕਰੇ ਕਰਿ ਸਬਦੁ ਨ ਚੀਨੈ ਲੰਪਟ ਹੈ ਬਾਜਾਰੀ ॥ ਅੰਤਰਿ ਬਿਖੁ ਬਾਹਰਿ ਨਿਭਰਾਤੀ ਤਾ ਜਮੁ ਕਰੇ ਖੁਆਰੀ ॥......ਮਨੂਆ ਨ ਡੋਲੈ ਗੁਰਮੁਖਿ ਬੂਝੈ ਧਾਵਤ ਵਰਜਿ ਰਹਾਏ ॥ ਗ੍ਰਿਹਿ ਸਰੀਰ ਗੁਰਮਤੀ ਖੋਜੇ ਨਾਮ ਪਦਾਰਥ ਪਾਏ ॥ ..ਸਭਿ ਸੁਖ ਮੁਕਤਿ ਨਾਮ ਧੁਨਿ ਬਾਣੀ ਸਚ ਨਾਮ ਉਰਿ ਧਾਰੀ ॥ ਨਾਮ ਬਿਨਾ ਨਹੀ ਛੁਟਸਿ ਨਾਨਕ ਸਾਚੀ ਤਰ ਤੂੰ ਤਾਰੀ ॥'

ਗੁਰੂ ਸਚੇ ਪਾਤਸ਼ਾਹ ਨੇ ਜੋ ਉਪਦੇਸ਼ ਗੁਰਬਾਣੀ ਰੂਪੀ ਗੁਰ ਹੁਕਮਾਂ ਦੁਆਰਾ ਪੰਜ ਦੁਸ਼ਟਾਂ ਅਤੇ ਪੰਜ ਦੂਤਾਂ ਦੇ ਮੁਜੱਸਮ ਪੁਤਲੇ ਸਾਕਤ ਕੁਸੰਗੀ ਜਨ ਤੋਂ ਬਚਣ ਲਈ ਕੀਤੇ ਹਨ, ਓਹ ਐਵੇਂ ਬਿਰਥਾ ਤਾਂ ਨਹੀਂ ਕੀਤੇ, ਇਸੇ ਲਈ ਕੀਤੇ ਹਨ ਕਿ ਗੁਰੂ ਦਾ ਸਚਿਆਰ ਸਿਖ ਏਹ ਗੁਰ ਉਪਦੇਸ਼ ਕਮਾ ਕੇ ਗੁਰ ਸਿਖੀ ਮਾਰਗ ਉਤੇ ਤਤਪਰ ਰਹੇ, ਕਿਤੇ ਕਾਂਪ ਖਾ ਕੇ ਗੁਰਸਿਖੀਓਂ ਪਤਿਤ ਨ ਹੋ ਜਾਵੇ। ਪਤਿਤ ਹੋਣੋਂ ਬਚਾਉਣ ਦਾ ਪਰਯੋਜਨ ਇਹੀ ਹੈ ਕਿ ਪਤਿਤ ਹੋਇਆ ਸਿਖ, ਸਿਖ ਨਹੀਂ ਰਹਿੰਦਾ ਹੈ। ਜੇਕਰ ਗੁਰੂ ਦੇ ਸਿਖ ਇਹਨਾਂ ਗੁਰ ਉਪਦੇਸ਼ਾਂ ਨੂੰ ਭੈ ਭਾਵਨੀ ਸਹਿਤ ਨਾ ਕਮਾਵਨ ਤਾਂ ਨਿਰਸੰਦੇਹ ਰਸਾਤਲ ਨੂੰ ਚਲੇ ਜਾਵਨਿ। ਸੋ ਇਸੇ ਕਰਕੇ ਗੁਰਸਿਖ ਉਤਮ ਜਗਿਆਸੂ ਦਾ ਪਰਮ ਧਰਮ ਹੈ ਕਿ ਉਹ ਐਸੇ ਹਰ ਇਕ ਉਪਦੇਸ਼ ਨੂੰ ਭੈ ਭਾਵਨੀ ਸਹਿਤ ਕਮਾਵੇ। ਇਥੇ ਇਸ ਉਪਦੇਸ਼ ਆਸ਼ੇ ਦੇ ਕੁਝਕੁ ਗੁਰਪ੍ਰਮਾਣ ਦੇਣੇ ਉਚਿਤ ਹੋਣਗੇ।

(੧) ਕਾਮੁ ਕ੍ਰੋਧੁ ਪਰਹਰੁ ਪਰਨਿੰਦਾ ਲਬੁ ਲੋਭੁ ਤਜਿ ਹੋਹੁ ਨਚਿੰਦਾ ॥ ਭ੍ਰਮ ਕਾ ਸੰਗਲੁ ਤੋੜਿ ਨਿਰਾਲਾ ਤਹਿ ਅੰਤਰਿ ਹਰਿ ਰਸੁ ਪਾਇਆ ॥ ਜਿਨਿ ਜਪਿਓ ਸਤਿਗੁਰ ਮਤਿਵਾਕੇ ॥ ਜਮ ਕੰਕਰ ਕਾਲ ਸੇਵਕ ਪਗ ਤਾਕੇ ॥ ਉਤਮਿ ਸੰਗਤ ਗਤਿ ਮਿਤਿ ਉਤਮ ਜਗ ਭਉਜਲ ਪਾਰੁ ਤਰਾਇਆ ॥ ਇਹ ਭਉਜਲ ਜਗਤੁ ਸਬਦਿ ਹਰ ਤਰੀਐ ॥ ਅੰਤਰ ਕੀ ਦੁਬਿਧਾ ਅੰਤਰ ਜਰੀਐ ॥ ਪੰਜ ਬਾਣ ਲੇ ਜਮ ਕਉ ਮਾਰੈ ਗਗਨੰਤਰਿ ਧਣਖ ਚੜਾਇਆ ॥

ਇਸ ਗੁਰਵਾਕ ਅੰਦਰਿ ਸਤਿਗੁਰੂ ਦਾ ਗੁਰਸਿਖਾਂ ਪ੍ਰਤੀ ਸਪਸ਼ਟ ਉਪਦੇਸ਼ ਹੈ ਕਿ ਉਹ ਕਾਮ, ਕ੍ਰੋਧ, ਲਬ, ਲੋਭ, ਮੋਹ, ਪਰਨਿੰਦਾ ਦਾ ਤਿਆਗਨ ਕਰੇ, ਅਤੇ ਇਸ ਬਿਧ ਗੁਰਸਿਖੀਓਂ ਗਿਰਨ ਤੋਂ ਨਿਸਚਿੰਤ ਹੋਵੇ, ਇਸ ਵਿਚ ਰੰਚਕ ਸੰਦੇਹ ਨਹੀਂ ਕਿ ਗੁਰਮਤਿ ਨਾਮ ਅਭਿਆਸ ਕਮਾਈ ਕਰਨਹਾਰੇ ਗੁਰਸਿਖ ਨੂੰ ਜਮ ਪੋਹ ਨਹੀਂ ਸਕਦੇ। ਪਰ ਇਸ ਪਦ ਨੂੰ ਤਦੇ ਪੁਜ ਸਕਦਾ ਹੈ ਜੇ ਨਾਮ ਅਭਿਆਸ ਕਮਾਈ ਕਰਦਾ ਹੋਇਆ ਪੰਜਾਂ ਵਿਕਾਰਾਂ ਤੋਂ ਭੀ ਬਚਿਆ ਰਹੇ। ਏਹਨਾਂ ਤੋਂ ਬਚਣ ਲਈ ਨਾਮ ਅਭਿਆਸ ਵਾਲੇ ਗੁਰਸਿਖ ਅਭਿਆਸੀ ਨੂੰ ਗੁਰ ਸੰਗਤ ਰੂਪੀ ਉਤਮ ਸੰਗਤਿ ਦਾ ਨਿਵਾਸ ਆਸਰਾ ਲੈਣਾ ਚਾਹੀਦਾ ਹੈ। ਉਤਮ ਸੰਗਤਿ ਵਿਚ ਰਹਿਆਂ ਹੀ ਗਤਿ ਮਿਤ ਉਤਮ ਹੁੰਦੀ ਹੈ। ਨਹੀਂ ਤਾਂ ਕੁਸੰਗਤ ਕੀਤਿਆਂ ਦੁਰਗਤੀ ਨੂੰ ਪ੍ਰਾਪਤ ਹੁੰਦਾ ਹੈ। ਇਸ ਕਰਕੇ ਕੁਸੰਗਤ ਤੋਂ ਬਚਣ ਦੇ ਭੀ ਇਸ ਪ੍ਰਕਾਰੀ ਉਪਦੇਸ਼ ਹਨ :—

(੨) ਦੂਜੈ ਭਾਇ ਦੁਸਟਾ ਕਾ ਵਾਸਾ ॥
ਭਉਦੇ ਫਿਰਹਿ ਬਹੁ ਮੋਹ ਪਿਆਸਾ ॥
ਕੁਸੰਗਤਿ ਬਹਹਿ ਸਦਾ ਦੁਖੁ ਪਾਵਹਿ ਦੁਖੋ ਦੁਖੁ ਕਮਾਇਆ ॥
ਸਤਿਗੁਰ ਬਾਝਹੁ ਸੰਗਤਿ ਨ ਹੋਈ ॥
ਬਿਨੁ ਸਬਦੇ ਪਾਰੁ ਨ ਪਾਏ ਕੋਈ ॥
ਸਹਜ ਗੁਣ ਰਵਹਿ ਦਿਨ ਰਾਤੀ ਜੋਤੀ ਜੋਤਿ ਮਿਲਾਇਆ॥

(੩) ਬਿਨੁ ਸਤਿਗੁਰ ਜੋ ਦੂਜੈ ਲਾਗੇ ॥


www.AKJ.Org

ਆਵਹਿ ਜਾਹਿ ਭਰਮ ਮਹਿ ਅਭਾਗੇ ॥
ਨਾਨਕ ਤਿਨਕੀ ਫਿਰ ਗਤਿ ਹੋਵੈ ਜਿ ਗੁਰਮੁਖਿ ਰਹਿਹਿ ਸਰਣਾਈ ਹੇ ॥

ਇਸ ਗੁਰਵਾਕ ਤੋਂ ਏਹ ਗਲ ਭੀ ਸਪਸ਼ਟ ਹੋ ਗਈ ਕਿ ਜੇਹੜੇ ਸਿਖ ਸਤਿਗੁਰ ਤੋਂ ਬੇ-ਮੁਖ ਹੋ ਕੇ ਦੂਜੇ ਭਾਇ ਵਿਚ ਗਲਤਾਨ ਹੋਕੇ ਕੁਕਰਮ ਕਰਿ ਕਰ ਪਤਿਤ ਹੋ ਜਾਂਦੇ ਹਨ, ਓਹਨਾਂ ਦੀ ਫੇਰ ਤਦੇ ਗਤਿ ਹੋ ਸਕਦੀ ਹੈ ਜੇ ਫੇਰ ਗੁਰਸਰਣੀ ਆਕੇ ਗੁਰਮੁਖ ਬਣਨ ਅਤੇ ਬਣੇ ਰਹਿਣ। ਨਹੀਂ ਤਾਂ ਚੁਰਾਸੀ ਦੇ ਗੇੜ ਵਿਚ ਜਾ ਪੈਂਦੇ ਹਨ। ਏਹ ਤਦੇ ਹੋ ਸਕਦਾ ਹੈ ਕਿ ਉਹ ਮੁੜ ਕੇ ਅੰਮ੍ਰਿਤ ਛਕਣ ਅਤੇ ਛਕ ਕੇ ਤਿਆਰ ਬਰਤਿਆਰ ਸਿੰਘ ਸਜਣ।

(੪) ਘਰ ਕੀ ਨਾਰ ਤਿਆਗੇ ਅੰਧਾ ॥
ਪਰ ਨਾਰੀ ਸਿਉ ਘਾਲੇ ਧੰਧਾ ॥ ਪਾਪੀ ਕਾ ਘਰੁ ਅਗਨੇ ਮਾਹਿ॥
ਜਲਤ ਰਹੈ ਮਿਟਵੈ ਕਬ ਨਾਹਿ ॥
ਹਰਿ ਕੀ ਭਗਤਿ ਨ ਦੇਖੈ ਜਾਇ ॥
ਮਾਰਗੁ ਛੋਡਿ ਅਮਾਰਗਿ ਪਾਇ ॥
ਮੂਲਹੁ ਭੂਲਾ ਆਵੈ ਜਾਇ ॥
ਅੰਮ੍ਰਿਤ ਡਾਰਿ ਲਾਦਿ ਬਿਖ ਖਾਇ ॥

ਇਸ ਗੁਰਵਾਕ ਅੰਦਰਿ ਪਰ ਤਿਰਿਆ ਗਮਨ ਵਾਲਾ ਪਤਿਤ ਕਰਮ ਕੈਸਾ ਭਿਅੰਕਰ ਦਸਕੇ ਬਿਵਰਜਤ ਕੀਤਾ ਹੈ। ਪਰਤਿਰਿਆ ਗਾਮੀ ਐਸੇ ਪਾਪ ਕਮਾਵਣ ਹਾਰੇ ਪਾਪਿਸ਼ਟ ਪੁਰਸ਼ ਹਨ ਕਿ ਉਹ ਸਦਾ ਹੀ ਏਸ ਪਾਪ ਅਗਨੀ ਵਿਚ ਜਲਦੇ ਰਹਿੰਦੇ ਹਨ। ਅਗਨੀ ਦੇ ਘਰ ਵਿਚ ਹੀ ਓਹਨਾਂ ਦਾ ਸਦਾ ਵਾਸਾ ਰਹਿੰਦਾ ਹੈ। ਐਸੇ ਜਲਦੇ ਹਨ ਕਿ ਜਲਨ ਉਹਨਾਂ ਦੀ ਬੁਝਦੀ ਹੀ ਨਹੀਂ। ਓੜਕ ਗਰਭ ਜੂਨ ਵਿਚ ਗਲਦੇ ਸੜਦੇ ਰਹਿੰਦੇ ਹਨ। ਜੀਉਂਦੇ ਜੀ ਅਜੇਹੇ ਪਤਿਤ ਕਰਮੀ ਪੁਰਸ਼ ਪਤਿਤ ਕਰਮਾਂ ਵਿਚ ਹੀ ਪਰਵਿਰਤ ਰਹਿੰਦੇ ਹਨ ਅਤੇ ਭਾਉ ਭਗਤੀ ਮਈ ਪਰਮਾਰਥ ਵਾਲੇ ਪਾਸੇ ਦੇ ਨੇੜੇ ਭੀ ਨਹੀਂ ਢੁਕਦੇ, ਸਗੋਂ 'ਮਾਰਗੁ ਛੋਡਿ ਅਮਾਰਿਗ ਪਾਇ ॥' ਵਾਲੀ ਉਪਰ ਦਿਤੀ...ਪੰਗਤੀ ਦੇ ਭਾਵ ਅਨੁਸਾਰ ਓਹ ਪਰਮਾਰਥ ਪੰਥ ਮਈ ਸਚੇ ਮਾਰਗ ਤੋਂ ਬੇਮੁਖ ਹੋਕੇ ਕੁਮਾਰਗ ਪੈ ਜਾਂਦੇ ਹਨ। ਕੁਮਾਰਗ ਪਾਇਆ ਤਾਂ ਫੇਰ ਠੋਰ ਠਾਉਂ ਕਿਥੇ। ਬਸ ਮੂਲ ਮਾਰਗੀ ਸਚੇ ਮਤ ਗੁਰਮਤਿ ਮਤ ਤੋਂ ਪਤਿਤ ਹੋਕੇ ਉਹ ਪਏ ਭੂਲੇ ਭਟਕਾਂ ਖਾਂਦੇ ਫਿਰਦੇ ਹਨ। ਲਖ ਚੁਰਾਸੀ ਜੋਨਿ ਵਿਚ ਇਸ ਬਿਧਿ ਓਹ ਅੰਮ੍ਰਿਤ ਕਲਾ ਤੋਂ ਡਿੱਗ ਕੇ ਬਿਖ ਦਾ ਲੱਦ ਲੱਦੀ ਫਿਰਦੇ ਰਹਿੰਦੇ ਹਨ ਅਤੇ ਇਕ ਅੰਮ੍ਰਿਤਧਾਰੀ ਸਿਖ ਦੀ ਅੰਮ੍ਰਿਤ ਜੀਵਨੀ ਬਵਸਥਾ ਤੋਂ ਗੁਮਰਾਹ ਹੋਕੇ ਓਹ ਬਿਖ ਭੱਖੀ ਹੋਇ ਰਹਿੰਦੇ ਹਨ। ਓਹਨਾਂ ਅੰਦਰ ਅੰਮ੍ਰਿਤ-ਜੀਵਨੀ-ਕਣੀ ਦਾ ਨਮੂਦ ਭੀ ਨਹੀਂ ਰਹਿੰਦਾ, ਉੱਕਾ ਹੀ ਬੀਜ ਨਾਸ ਹੋ ਜਾਂਦਾ ਹੈ। ਅਜੇਹਾ ਬਿਖਈ ਜੀਵਨ ਬਹੁੜ ਅੰਮ੍ਰਿਤੁ ਅਤੇ ਅੰਮ੍ਰਿਤ ਨਾਮ ਦੀ ਦਾਤ ਦਾ ਵਰਸੀਜਣ ਅਤੀ ਲਾਜ਼ਮੀ ਹੈ। ਬਿਖੇ-ਬਾਸ਼ਨਾ ਸੇਤੀ ਬਿਮੋਹਤ ਹੋਕੇ ਬਿਖੇ ਰਸਾਂ ਵਿਚ ਰਚ ਪਚ ਕੇ ਖਚਤ ਅਤੇ ਪਾਵਨੋ ਪਤਿਤ ਹੋਇਆ ਬਿਖਈ ਜੀਵ ਇਸ ਪ੍ਰਵਿਰਤ ਦਸ਼ਾ ਵਿਚੋਂ ਕਦੇ ਭੀ ਉਭਰ ਨਹੀਂ ਸਕਦਾ, ਜਦ ਤਾਈਂ ਕਿ ਓਹ ਫੇਰ ਦੂਜੀ ਵਾਰ ਗੁਰੂ ਘਰ ਦੀ ਅੰਮ੍ਰਿਤ ਸਿੰਚਨੀ ਸੰਚਾਰਨੀ ਗੁਰਮਤਿ ਜੁਗਤਿ ਅਉਖਧੀ ਦੁਆਰਾ ਅਮਰੀਵ ਨਵਜੀਵ ਹੋਕੇ ਫੇਰ ਖਿਨ ਖਿਨ ਗੁਰ ਦੀ ਦੀਖਿਅਤ ਅੰਮ੍ਰਿਤ ਨਾਮ ਦਾ ਅੰਚਲ ਨਾ ਗਹੀ ਰਖੇ। ਨਹੀਂ ਤਾਂ ਪੰਚ ਠਗਵਾੜੇ ਹਰਿ ਮੁਹਤ ਚਸਾ ਉਸ ਨੂੰ ਫੇਰ ਮੁਹਾਉਂਦੇ ਮੁਹਾਉਂਦੇ ਰਹਿਣਗੇ। ਪੰਜਾਂ ਵਿਕਾਰਾਂ ਤੋਂ ਵਿਸਥਾਰਤ ਹੋਕੇ ਅਨਿਕ ਰਸ ਬਿਖਾਗਨੀ ਪਰਵਿਰਤੀਆਂ ਉਪਜ ਖੜੋਂਦੀਆਂ ਹਨ, ਜਿਨ੍ਹਾਂ ਦੀ ਚਸ਼ਟਾ ਦੇ ਅਧੀਨ ਹੋਕੇ ਬਿਚਾਰਾ ਬਿਖਈ ਜੀਵ ਰਸਾਤਲੀ ਨਿਘਰਿ ਟੋਏ ਵਿਚ ਜਾ ਪੈਂਦਾ ਹੈ। ਬਸ ਇਹਨਾਂ ਤੋਂ ਗੁਰੂ ਸਮਰਥਿ ਹੀ ਹੱਥ ਦੇ ਕੇ ਰਖੇ ਤਾਂ ਰਖੇ ਆਪਣੀ ਅੰਮ੍ਰਿਤ ਕਲਾ ਵਰਤਾ ਕੇ। ਹੋਰ ਕੋਈ ਭੀ ਉਪਾਉ ਨਹੀਂ।

www.AKJ.Org

# ਸਮੁੰਦਰੀ ਘੋਗੇ

ਅਥਵਾ

## ਕੱਚੇ ਗੁਰੂ

( ਸ: ਕਰਤਾਰ ਸਿੰਘ ਜੀ 'ਰਾਹੀ' ਲਖਨਊ—੨ )

[ ਕੇਸ ਦਾੜ੍ਹੀ ਸਜੇ ਭੁੱਲੜ ਵੀਰਾਂ ਨੂੰ ਦੇਹਧਾਰੀ ਗੁਰੂਆਂ ਦੇ ਪੈਰਾਂ ਤੇ ਮੱਥੇ ਰਗੜਦਿਆਂ ਵੇਖ ਕੇ— ]

ਚੂਹੇ ਨੂੰ ਇਕ ਸੁੰਢ ਦੀ, ਰੱਬ ਸਬੱਬੀ ਗੰਢੀ ਲੱਭੀ।
ਗੱਦੀ ਲਾ ਕੇ ਬੈਠਿਆ, ਲੱਗਾ ਖੇਡਣ ਖੇਡ ਕੁਢੱਬੀ।
ਚੀਸਾਂ ਕਰੇ ਪਸਾਰੀਆਂ, ਵੇਚੇ ਸੌਦਾ ਮਾਰੇ ਠੱਗੀ।
ਜਾਤਾਂ ਕੋਹੜ ਕਿਰਲੀਆਂ, ਵਲੀ ਗਉਂਸ ਇਹ ਵੱਡਾ ਨਬੀ।
ਚਰਨੀਂ ਢਹਿਣ ਛਛੂੰਦਰਾਂ, ਕੋਹੜ ਕਿਰਲੀਆਂ ਪਾਵਣ ਲੁੱਡੀ।
ਮੂਸਾ ਤੋਲਣ ਬੈਠਿਆ, ਜ਼ਾਅਫਰਾਨ ਦੀ ਕਹੇ ਇਹ ਡੱਬੀ।
ਕਿਰਲੀਆਂ ਅਤੇ ਛਛੂੰਦਰਾਂ, ਵਸਤ ਵਿਹਾਜਣ ਪੱਲਾ ਅੱਡੀ।
ਸੱਤੇ ਸੁਧਾਂ ਭੁੱਲੀਆਂ, ਬਿਲਕ ਮਸਾਈ ਗਿੱਚੀ ਦੱਬੀ।
ਕੱਚੇ ਗੁਰ ਦੀ ਗਲ ਨਾ ਫੱਬੀ।

ਅੰਨ੍ਹਾ ਆਗੂ ਟਿੱਕਿਆ, ਧਾੜਵੀਆਂ ਦੀ ਚੜ੍ਹੀ ਕੜਾਹੀ।
ਅੱਖੀਂ ਪੱਟੀ ਬੰਨ੍ਹ ਕੇ, ਭੇਡਾਂ ਚਾਲ ਤੁਰੇ ਕਈ ਰਾਹੀ।
ਮਨਮਤ ਰਾਹ ਕੰਡਿਆਲੜੇ, ਗੁਰਮਤ ਗਾਡੀ ਰਾਹ ਨਾ ਭਾਈ।
ਰਾਹ ਕੁਰਾਹ ਨਾ ਪਰਖਣੀ, ਸੱਚ ਝੂਠ ਦੀ ਖ਼ਬਰ ਨਾ ਪਾਈ।
ਰੋਹੀਆਂ ਦੇ ਵਿਚ ਕਾਫ਼ਲਾ, ਚਾਰ ਚੁਫੇਰਿਓਂ ਮਚੀ ਦੁਹਾਈ।
ਦਿਨ ਦੀਵੀਂ ਠੱਗਵਾੜਿਆਂ, ਲੁਟ ਲੁਟ ਬੱਚੀ ਕਰੀ ਲੁਕਾਈ।
ਕੱਚੇ ਗੁਰੂ ਨਾ ਬਣੇ ਸਹਾਈ।

ਸਿਖਰ ਦੁਪਹਿਰੇ ਵੇਖਿਆ, ਤੁਰਿਆ ਜਾਂਦਾ ਇਕ ਅਭਾਗਾ।
ਚੱਲੇ ਆਪਾ ਬੋਚ ਕੇ, ਤਲੀ ਟਿਕਾਇਆ ਇਕ ਚਰਾਗ਼।
ਪੁੱਛਣ ਵਾਲੇ ਪੁੱਛਿਆ, 'ਸਮਝ ਨਾ ਆਵੇ ਖੇਲ ਤੁਸਾਡਾ'।

---

ਮੂਸਾ=ਚੂਹਾ, ਜ਼ਾਅਫਰਾਨ=ਕੇਸਰ, ਬਿਲਕ=ਬਿੱਲੀ (ਮੌਤ), ਮਸਾਈ=ਚੂਹਾ।


www.AKJ.org

'ਮਤ ਡਿੱਗਾਂ ਖੂਹ ਖਾਤੜੇ, ਦੀਵੇ ਚਾਨਣ ਭਰਾਂ ਉਲਾਂਘਾ'।
ਸੂਰਜ ਦਿਸੇ ਨਾਂ ਉੱਲੂਆਂ, ਰਾਤ ਦੀ ਟਹਿਣੀ ਬੋਲਣ ਲਾਗਾ।
ਛੱਟੇ ਤੁੱਹ ਕੁਚੱਜੜੀ, ਗਿੱਲੇ ਪੀਹਣ ਪਿਆ ਪਰਾਗਾ।
ਕੱਚੇ ਕੱਤਣ ਕੱਚਾ ਧਾਗਾ।

ਫੋਕੀਆਂ ਮੈਡੀਟੇਸ਼ਨਾਂ, ਅੱਖਾਂ ਮੀਚਣ ਬਗਲੇ ਚਿੱਟੇ।
ਚੌਰ ਚੰਦੋਏ ਝੂਲਦੇ, ਪੈਰੀਂ ਪਏ ਟਿਕਾਵਣ ਮੱਥੇ।
ਤੁਰੀਆਂ ਕਈ ਪਰਨਾਲੀਆਂ, ਸਿਖ ਸੇਵਕੀ ਵੇਖ ਰਹੱਸੇ।
ਰਿਧ ਸਿਧ ਜਾਲ ਪਸਾਰਿਆ, ਕਈ ਭੋਲੇ ਜਗਿਆਸੂ ਫੱਸੇ।
ਕੇਹੀ ਦੱਖ ਮੁਲੰਮਿਆਂ, ਵਿਚੋਂ ਕੌਡੀਓਂ ਖੋਟੇ ਸਿੱਕੇ।
ਦੇਹਧਾਰੀ ਗੁਰ ਆਪਣੇ, ਮੁਸ਼ਕਾਂ ਖ਼ਾਤਰ ਵੱਟਣ ਰੱਸੇ।
ਦਰਗਾਹ ਅੰਦਰ ਦੂੰਬੇ ਕੁੱਟੇ।

ਅਸਪਾਤ ਦੇ ਮਹਿਲ ਦੀ, ਰੀਸ ਕਰਨ ਕੀ ਛੱਪਰ ਬੋਦੇ।
ਕਿੱਥੇ ਸੇਕਾ ਢੀਂਗਲੀ, ਕਿੱਥੇ ਮੇਘਰਾਜ ਦੇ ਮੋਘੇ।
ਕਾਵਾਂ ਚਿੜੀਆਂ ਠੂੰਗਣੇ, ਰਸ ਕਸ ਵੇਹੜੇ ਕੱਚੇ ਦੋਧੇ।
ਮਲਦਲ ਸੁੱਟੇ ਅਮਲੀਆਂ, ਪੋਸਤ ਦੇ ਇਹ ਖਾਲੀ ਡੋਡੇ।
ਕੁੱਤੇ ਜਿਉਂਕਰ ਧੋਬੀਆਂ, ਨਾ ਘਰ ਦੇ ਨਾ ਘਾਟ ਹੀ ਜੋਗੇ।
ਪਾਹੁਲ ਖੰਡੇਧਾਰ ਬਿਨ, ਖੜੇ ਉਦਾਸੇ ਰੂਹ ਦੇ ਪੋਗੇ।
ਸੁੱਕਣ ਧੁੱਪੇ ਖੁਰਲੀਆਂ, ਗਿੱਲੀ ਕੜਬ ਦੇ ਫਿੱਕੇ ਡੋਗੇ।
ਮਾਰੇ ਛੱਲ ਵਗਾਹ ਕੇ, ਕੰਢਿਆਂ ਉਪਰ ਕੌਡੀਆਂ ਘੋਗੇ।
ਕੱਚੇ ਗੁਰੂ ਦੇ ਕੱਚੇ ਗੋਗੇ।

ਸੂਰਜ ਦੇ ਪ੍ਰਕਾਸ਼ ਦੀ, ਕਿੱਥੇ ਰੀਸ ਕਰੇ ਟਟਿਆਹਣਾ।
ਮੋਤੀ ਮਾਨਸਰੋਵਰੋਂ, ਟੋਭਿਓਂ ਡੱਡੂਆਂ ਚਿੱਕੜ ਖਾਣਾ।
ਬੋਹਿਥ ਨੂੰ ਅੰਬੜੇ, ਕੱਖ ਕਾਣ ਦਾ ਤੁਲਾ ਪੁਰਾਣਾ।
ਰੀਸਾਂ ਰਾਜੇ ਭੋਜ ਦੀਆਂ, ਸ਼ੀਂਹਾਂ ਤੇਲੀ ਕਰੇ ਨਿਮਾਣਾ।
ਕਿਥੇ ਬਾਜ ਉਡਾਰੀਆਂ, ਕਿੱਥੇ ਸੁੰਡੀਆਂ ਢਿੱਡ ਘਸਾਣਾ।
ਵਾਹ ! ਸੂਰਜ ਤਲਵੰਡੀਓਂ, ਤਾਰਿਆਂ ਨੇ ਕੀ ਨ੍ਹੇਰ ਮੁਕਾਣਾ।
ਕੱਚ ਸੱਚ ਦਾ ਨਿਰਨਾ ਹੋ ਜਾਣਾ।

---

ਮੈਡੀਟੇਸ਼ਨ (Meditation) = ਬਗਲ ਸਮਾਧੀ ਅਥਵਾ ਸ਼ੁਸ਼ਕ ਧਿਆਨ, ਅਸਪਾਤ = ਸੋਧਿਆ ਲੋਹਾ, ਫ਼ੌਲਾਦ, ਬੋਹਿਥ = ਜਹਾਜ਼, ਅੰਬੜੇ = ਪਹੁੰਚੇ।


www.AKJ.org

# ਜਾਗ ਸਲੋਨੜੀਏ.........

( ਸ: ਗੁਰਚਰਨ ਸਿੰਘ ਐਮ.ਏ., ਗੌਰਮਿੰਟ ਹਾਈ ਸਕੂਲ, ਨੂਰਮਹੱਲ )

ਮੇਰੀ ਸਖੀ ! ਤੂੰ ਕਈ ਸੰਸਾਰੀਆਂ ਤੋਂ ਸੁਣਿਆਂ ਹੋਵੇਗਾ ਕਿ ਰਬ ਨੇ ਚੁਰਾਸੀ ਲੱਖ ਜੂਨਾਂ ਬਣਾਈਆਂ ਹਨ। ਮਨੁੱਖਾ ਜਨਮ ਉਨ੍ਹਾਂ ਵਿਚੋਂ ਇਕ ਹੈ। ਤੂੰ ਇਹ ਵਿਚਾਰ ਵੀ ਕਈ ਥਾਂ ਪੜ੍ਹੇ ਸੁਣੇ ਹੋਣਗੇ ਕਿ ਸਾਰੀਆਂ ਜੂਨਾਂ ਨਾਲੋਂ ਮਨੁਖਾ ਜਨਮ ਸਰੇਸ਼ਟ ਤੇ ਉਚਾ ਹੈ। ਤਦੇ ਤਾਂ ਭਾਈ ਗੁਰਦਾਸ ਜੀ ਕਹਿੰਦੇ ਹਨ:—

ਚਉਰਾਸੀ ਲਖ ਜੋਨਿ ਵਿਚ,
ਉਤਮੁ ਜਨਮੁ ਸੁ ਮਾਣਸਿ ਦੇਹੀ॥

ਪਰ ਮੇਰੀ ਸਖੀ ! ਕੀ ਤੂੰ ਕਦੀ ਸੋਚਿਆ ਹੈ ਕਿ ਇਹ ਮਾਣਸ ਜਨਮ ਹੋਰ ਜੂਨਾਂ ਨਾਲੋਂ ਕਿਵੇਂ ਉਤਮ ਹੈ ? ਪਿਆਰੇ ਪ੍ਰਭੂ ਨੇ ਤੈਨੂੰ ਇਹ ਸੁਹਣੇ ਨਕਸ਼ਾਂ ਨੈਣਾਂ ਵਾਲੀ ਕੰਚਨ ਕਾਇਆ ਬਖਸ਼ੀ ਹੈ ! ਕੀ ਤੂੰ ਕਦੀ ਵਿਚਾਰਿਆ ਹੈ ਕਿ ਕਿਹੜੇ ਕਰਮਾਂ ਕਰਕੇ ਤੇਰੀ ਇਹ ਕੰਚਨ ਕਾਇਆ ਸਫਲ ਹੋ ਸਕਦੀ ਹੈ ? ਆ ਜ਼ਰਾ ਵਿਚਾਰ ਕਰ ਲੈ ! ਸੁਚੇਤ ਹੋ ਕੇ ਸੁਣੀ ਕਿ ਸਤਿਗੁਰੂ ਅਤੇ ਸਤਿਗੁਰੂ ਦੇ ਪ੍ਰੇਮੀ ਤੈਨੂੰ ਕਿਵੇਂ ਜਗਾਉਂਦੇ ਹਨ ?

ਭਾਗਾਂਵਾਲੀ ਸਖੀਏ ! ਉਂਝ ਤਾਂ ਪਿਆਰੇ ਪ੍ਰੀਤਮ ਦਾ ਹੁਕਮ ਹੈ ਕਿ ਤੂੰ ਆਪਣਾ ਤਨ ਮਨ ਅਤੇ ਧਨ ਗੁਰੂ ਹੁਕਮਾਂ ਤੋਂ ਵਾਰ ਦੇਣੇ, ਪਰ ਏਥੇ ਕੇਵਲ ਤੇਰੀ ਕੰਚਨ ਕਾਇਆ ਦੇ ਕੁਝ ਅੰਗਾਂ ਬਾਰੇ ਪ੍ਰੀਤਮ ਦਾ ਸੁਨੇਹਾ ਦੇਕੇ ਤੈਨੂੰ ਜਗਾਉਂਦੀ ਹਾਂ।

ਹਾਂ ਸਖੀ ! ਤੇਰਾ ਇਹ ਸੀਸ ਲੋਕਾਚਾਰੀ ਦੀ ਖਾਤਰ ਲੋਕਾਂ ਸਾਹਮਣੇ ਜਾਂ ਸੰਸਾਰਕ ਅਫ਼ਸਰ ਸਾਹਮਣੇ ਤਾਂ ਰੋਜ਼ ਝੁਕਦਾ ਹੈ। ਸੰਸਾਰਕ ਪਿਆਰ, ਸਤਿਕਾਰ ਜਾਂ ਮੋਹ ਦੀ ਖਾਤਰ ਤੂੰ ਕਈ ਵਾਰੀ ਝੁਕ ਕੇ ਵੱਡੇ ਵਡੇਰਿਆਂ ਦੇ ਪੈਰੀਂ ਹੱਥ ਲਾਉਂਦੀ ਹੈਂ, ਪਰ ਪਿਆਰੇ ਸਤਿਗੁਰੂ ਅਗੇ ਤੇਰਾ ਸੀਸ ਰੋਜ਼ ਕਿਉਂ ਨਹੀਂ ਝੁਕਦਾ। ਕਈ ਵਾਰੀ ਤੂੰ ਸੰਗਰਾਂਦ ਜਾਂ ਖਾਸ ਦਿਨ ਤੇ ਹੀ ਗੁਰੂ ਦੇ ਦੁਆਰ ਜਾਂਦੀ ਹੈ। ਤੈਨੂੰ ਪਿਆਰੇ ਸਤਿਗੁਰੂ ਦਾ ਹੁਕਮ ਯਾਦ ਹੀ ਨਹੀਂ ਰਹਿੰਦਾ ਕਿ—

ਜੋ ਸਿਰੁ ਸਾਈਂ ਨ ਨਿਵੈ, ਸੋ ਸਿਰ ਦੀਜੈ ਡਾਰਿ॥

ਇਹ ਠੀਕ ਹੈ ਕਿ ਤੇਰਾ ਸੀਸ ਬੜਾ ਕੀਮਤੀ ਹੈ, ਪਰ ਮੇਰੀ ਪਿਆਰੀ ਸਖੀ ! ਤੈਨੂੰ ਇਹ ਵੀ ਗਿਆਨ ਹੋਣਾ ਚਾਹੀਦਾ ਹੈ ਕਿ ਇਹ ਸੀਸ ਤਾਂ ਹੀ ਅਮੋਲਕ ਹੈ ਜੇ ਇਹ ਗੁਰੂ ਹੁਕਮਾਂ ਅਨੁਸਾਰ ਸੋਹਦਾ ਹੈ, ਦੇਖ ! ਗੁਰੂ ਗੋਬਿੰਦ ਸਿੰਘ ਜੀ ਦੇ ਹਜ਼ੂਰੀ ਕਵੀ ਉਸੇ ਗੁਰਮੁਖ ਦੇ ਸੀਸ ਨੂੰ ਧੰਨ ਕਹਿੰਦੇ ਹਨ ਜੋ—

"ਜਿਹੇ ਸਾਹਿਬ ਦਿਲੇ ਰੌਸ਼ਨ ਜ਼ਮੀਰੇ ਆਰਫੇ ਕਾਮਿਲ॥
ਕਿ ਬਰ ਦਰਗਾਹਿ ਹਕ ਪੇਸ਼ਾਨੀਏ ਓ ਸੂਦਹ ਮੇ ਬਾਸਦਾ॥

ਮੇਰੀ ਮਿਠ ਬੋਲੀ ਸਖੀਏ ! ਸੁਹਣੇ ਸਿਰਜਨਹਾਰ ਨੇ ਤੇਰੇ ਸੀਸ ਅਤੇ ਹੋਰ ਅੰਗਾਂ ਤੇ ਵਾਲ (ਰੋਮ) ਪੈਦਾ ਕੀਤੇ ਹਨ। ਇਹਨਾਂ ਰੋਮਾਂ ਨਾਲ ਤੂੰ ਬੜੀ ਸੁੰਦਰ ਜਾਪਦੀ ਏ, ਪਰ ਲੋਕਾਂ ਦੀ ਭੇਡ-ਚਾਲ

www.AKJ.Org

ਕਰਕੇ ਤੂੰ ਕਈ ਤਰ੍ਹਾਂ ਦੇ ਗਲਤ ਹਾਰ ਸਿੰਗਾਰ ਕਰਦੀ ਏਂ। ਸਾਰਾ ਦਿਨ ਸੜਕਾਂ ਦੀ ਮਿੱਟੀ ਉੱਡ ਉੱਡ ਕੇ ਤੇਰੇ ਸੁਹਣੇ ਕੇਸਾਂ ਵਿਚ ਪੈਂਦੀ ਹੈ। ਪਰ ਤੂੰ ਸੁਣ! ਕਿ ਪਿਆਰਾ ਗੁਰੂ—

"ਸਾਬਤ ਸੂਰਤ ਦਸਤਾਰ ਸਿਰਾ ॥"

ਦਾ ਸੁਨੇਹਾ ਦੇ ਰਿਹਾ ਹੈ। ਤੈਨੂੰ ਚਾਹੀਦਾ ਹੈ ਕਿ ਕੇਸਾਂ ਵਲੋਂ ਸਾਬਤ ਰਹਿ ਕੇ ਸੀਸ ਦੇ ਕੇਸਾਂ ਨੂੰ (ਛੋਟੀ ਦਸਤਾਰ) ਕੇਸਕੀ ਨਾਲ ਢੱਕ ਕੇ ਰਖੇਂ। ਸੁਹਣੇ ਸਤਿਗੁਰੂ ਦੀ ਤਰ੍ਹਾਂ ਸਾਡਾ ਪ੍ਰਭੂ ਵੀ ਸੁਹਣੇ ਨਕਸ਼ਾਂ ਤੇ ਲੰਮੇਂ ਵਾਲਾਂ ਵਾਲਾ ਹੈ। ਸਾਨੂੰ ਵੀ ਉਸ ਜਿਹਾ ਹੀ ਬਣਨਾ ਸੋਭਦਾ ਹੈ।

ਸੁੰਦਰ ਨੈਣਾਂ ਵਾਲੀ ਸਖੀਏ! ਕਰਤਾਰ ਨੇ ਤੈਨੂੰ ਕਿਤਨੇ ਸੁੰਦਰ ਨੈਣ ਦਿਤੇ ਹਨ। ਤੂੰ ਸਾਰੀ ਉਮਰ ਇਨ੍ਹਾਂ ਨੈਣਾਂ ਨਾਲ ਕਰਤਾਰ ਦੀ ਸੁਹਣੀ ਰਚਨਾ ਵੇਖਦੀ ਰਹਿੰਦੀ ਹੈਂ। ਕਈ ਤਰ੍ਹਾਂ ਦੇ ਰੰਗ ਤਮਾਸ਼ ਦੇਖ ਕੇ ਇਹ ਨੈਣ ਰਜਦੇ ਹੀ ਨਹੀਂ, ਪਰ ਕੀ ਤੂੰ ਕਦੀ ਵਿਚਾਰਿਆ ਹੈ ਕਿ ਪਿਆਰੇ ਸਤਿਗੁਰੂ ਜੀ ਤੇਰੇ ਇਨ੍ਹਾਂ ਨੈਣਾਂ ਤੋਂ ਕੀ ਆਸ ਰਖਦੇ ਹਨ ? ਗੁਰੂ ਅਮਰਦਾਸ ਜੀ ਕਿੰਨੇ ਪਿਆਰ ਨਾਲ ਤੇਰੇ ਨੈਣਾਂ ਨੂੰ ਪ੍ਰੇਰਨਾ ਦੇ ਰਹੇ ਹਨ—

"ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ,
ਹਰਿ ਬਿਨੁ ਅਵਰੁ ਨ ਦੇਖਹੁ ਕੋਈ॥ (ਮ.੩)

ਜੇ ਤੂੰ ਗੁਰੂ ਤੋਂ ਨਾਮ ਲੈਕੇ, ਨਾਮ ਦ੍ਰਿੜ ਕਰਵਾ ਕੇ, ਸੁਆਸ ਸੁਆਸ ਨਾਮ ਜਪੇਂ ਤਾਂ ਇਹ ਜ਼ਹਰੀਲਾ ਤੇ ਨਾਸਵੰਤ ਸੰਸਾਰ ਵੀ ਤੇਰੀਆਂ ਅੱਖਾਂ ਨੂੰ ਹਰੀ ਦਾ ਰੂਪ ਹੀ ਦਿਸੇਗਾ।

ਪਰ ਤੇਰੇ ਨੈਣ ਤਾਂ ਹੀ ਪ੍ਰੀਤਮ ਦੇ ਨਾਮ ਵਿਚ ਰੱਤੇ ਜਾਣੇ ਹਨ, ਜੇ ਪਹਿਲਾਂ ਦੁਨੀਆਂ ਦੇ ਛਿੰਨ-ਭੰਗਰੀ ਨਜ਼ਾਰਿਆਂ ਵਲੋਂ ਮੂੰਹ ਮੋੜ ਲਵੇਂ ਅਤੇ ਤੇਰੇ ਨੇਤਰਾਂ ਦੀ ਮੰਗ ਇਹ ਹੋ ਜਾਵੇ—

ਅਖੀਂ ਪ੍ਰੇਮ ਕਸਾਈਆ ਹਰਿ ਹਰਿ ਨਾਮ ਪਿਖੰਨਿ ॥
ਜੇ ਕਰਿ ਦੂਜਾ ਵੇਖਦੇ ਜਨ ਨਾਨਕ ਕਢਿ ਦਿਚੰਨਿ ॥

ਪਰ ਇਹੋ ਜਿਹੇ ਨੈਣ ਬਣਾਉਣ ਲਈ ਤੈਨੂੰ ਗੁਰਬਾਣੀ ਤੇ ਸੰਗਤ ਰਾਹੀਂ ਗੁਰੂ ਹੁਕਮਾਂ ਨੂੰ ਖੋਜ ਕੇ, ਆਪਣਾ ਤਨ ਮਨ ਗੁਰੂ ਹੁਕਮਾਂ ਤੋਂ ਵਾਰਨ ਲਈ ਉਤਸ਼ਾਹੀ ਤੇ ਸਿਰੜੀ ਬਣਨਾ ਪਵੇਗਾ।

ਗੁਰਮੁਖ ਸਖੀ! ਦੁਨੀਆਵੀ ਫ਼ੈਸ਼ਨਾਂ ਦੀ ਰੀਸੋ ਰੀਸ ਤੂੰ ਕਈ ਵਾਰੀ ਅਜਿਹੇ ਕਪੜੇ ਪਾਉਂਦੀ ਹੈਂ, ਜਿਸ ਨਾਲ ਤੇਰਾ ਸਰੀਰ ਪੂਰਾ ਤੇ ਠੀਕ ਤਰ੍ਹਾਂ ਨਹੀਂ ਕੱਜਿਆ ਜਾਂਦਾ, ਪਰ ਤੇਰਾ ਪਹਿਰਾਵਾ ਅਜਿਹਾ ਚਾਹੀਦਾ ਹੈ ਕਿ ਦੇਖਣ ਵਾਲੇ ਨੂੰ ਤੇਰੇ ਵਿਚੋਂ ਗੁਰਮੁਖਤਾਈ ਤੇ ਪੰਜਾਬੀ ਸੁਭਾ ਦੀ ਝਲਕ ਪਵੇ। ਉਹ ਪਹਿਨਣਾ ਖੁਸੀ ਬਰਬਾਦ ਕਰਨਾ ਹੈ, ਜਿਸ ਨਾਲ ਮਰਦਾਵੀਂ ਅੱਖ ਵਿਸ਼ੇ-ਵਿਕਾਰ ਲਈ ਪ੍ਰੇਰੀ ਜਾਵੇ। ਭਾਵੇਂ ਤੂੰ ਪੜ੍ਹੀ ਲਿਖੀ ਏ, ਬੜੀ ਚਤੁਰ ਸਿਆਣੀ ਏ, ਪਰ ਗੁਰਮੁਖੀ ਸਿਫਤਾਂ ਨੂੰ ਆਪਣੇ ਤਨ ਮਨ ਦਾ ਸ਼ਿੰਗਾਰ ਬਣਾਈ ਰਖ।

ਇਸ ਲਈ ਗੁਰਮੁਖ ਭੈਣੇ। ਤੈਨੂੰ ਇਹ ਕਦੀ ਵੀ ਨਹੀਂ ਭੁਲਣਾ ਚਾਹੀਦਾ-ਕਿ ਜਗ ਵਿਚ ਆਈ ਜੀਵ ਰੂਪੀ ਇਸਤ੍ਰੀ ਉਹ ਹੀ ਪ੍ਰਵਾਨ ਹੈ-ਜੋ ਗੁਰਮੁਖ ਬਣਕੇ ਆਪਣੇ ਖਸਮ ਅਕਾਲ ਪੁਰਖ ਵਾਹਿਗੁਰੂ ਦੇ ਹੁਕਮ ਨੂੰ ਪਛਾਣਦੀ ਹੈ। ਇਸ ਲਈ ਜਾਗ ਸਲੋਨੜੀਏ, ਜਾਗ!

www.AKJ.Org

# ਕੇਸਾਂ ਦੀ ਮਹਾਨਤਾ

( ਭਾਈ ਜਗਤ ਸਿੰਘ ਜੀ 'ਜਗਤ' ਫਤੋਵਾਲ )

ਮਈ ਦੇ ਪਰਚੇ ਸੂਰਾ ਵਿਚ ਬੀਬੀ ਹਰਬੰਸ ਕੌਰ ਪਟਿਆਲਾ ਨੇ ਕੇਸਾਂ ਸੰਬੰਧੀ ਜੋ ਰੌਸ਼ਨੀ ਪਾਈ ਹੈ ਉਹ ਠੀਕ ਸ਼ਲਾਘਾ ਯੋਗ ਹੈ। ਇਸ ਇਲਾਹੀ ਦਾਤ ਹਿਤ ਅਸੀਂ ਕੁਝ ਹੋਰ ਵੀ ਮਿਸਾਲਾਂ ਜੋ ਕਿ ਇਤਰਾਸੀ ਹਨ ਸੂਰਾ ਪਾਠਕਾਂ ਦੀ ਭੇਟ ਕਰਦੇ ਹਾਂ। ਕੇਸ ਸਾਡੇ ਸਰੀਰ ਦਾ ਜ਼ਰੂਰੀ ਅੰਗ ਹਨ। ਕੇਸਾਂ ਬਗ਼ੈਰ ਸਾਡਾ ਜੀਵਨ ਹੀ ਅਧੂਰਾ ਹੈ।

ਗੁਰਬਾਣੀ ਵਿਚ ਗੁਰੂ ਸਾਹਿਬਾਨ ਤੇ ਸਾਧੂ ਮਹਾਤਮਾਂ ਨੇ, ਕੇਸਾਂ ਦੀ ਹੋਂਦ ਹੀ ਵਰਣਨ ਕੀਤੀ ਹੈ। 'ਸਾਬਤ ਸੂਰਤ ਦਸਤਾਰ ਸਿਰਾ' ਦਾ ਮਤਲਬ ਹੀ ਮਨੁਖਤਾ ਲਈ ਦਾੜੀ ਕੇਸ ਤੇ ਪਗੜੀ ਜਾਂ ਦਸਤਾਰ ਦਾ ਹੋਣਾਂ ਇਕ ਕੁਦਰਤੀ ਚਿਨ੍ਹ ਹੈ। ਕੇਸ ਮਨੁਖ ਦੀ ਚਮੜੀ ਜਾਂ ਖੋਪਰੀ ਨੂੰ ਅਤਿਅੰਤ ਲਾਭਦਾਇਕ ਹਨ। ਇਹ ਕੁਦਰਤੀ ਵਾਲ ਜਿਸਮ ਚੋਂ ਗੰਦਾ ਬੁਖਾਰ ਬਾਹਰ ਕਢਦੇ ਹਨ ਤੇ ਤਾਜ਼ਗੀ ਅੰਦਰ ਪਹੁੰਚਾਂਦੇ ਹਨ। ਕੇਸ ਦਸਵੇਂ ਦੁਆਰ ਤੇ ਜੂੜੇ ਦੀ ਸ਼ਕਲ ਵਿਚ ਹਫ਼ਾਜ਼ਤ ਕਰਦੇ ਹਨ। ਕਿਉਂਕਿ 'ਸਚ ਖੰਡ ਵਸੇ ਨਿਰੰਕਾਰ' ਇਸ ਜਗਾ ਅਨਾਹਦ ਸਬਦ ਦਾ ਟਿਕਾਣਾਂ ਹੈ।

ਪੁਰਾਣੀਆਂ ਕਿਤਾਬਾਂ ਜਾਂ ਸਚਿਆਂ ਬਜ਼ੁਰਗਾਂ ਦੀ ਸੰਗਤ ਨਾਲ ਕਈ ਗਲਾਂ ਇਨਸਾਨ ਨੂੰ ਪ੍ਰਾਪਤ ਹੁੰਦੀਆਂ ਰਹਿੰਦੀਆਂ ਹਨ। ਦਿਲ ਉਛਲ ਪੈਂਦਾ ਹੈ। ਜਦੋਂ ਕਲਗੀਧਰ ਪਾਤਸ਼ਾਹ ਦੀ ਯਾਦ ਆਉਂਦੀ ਹੈ। ਉਨਾਂ ਗੁਰਮਤ ਪ੍ਰਚਾਰਨ ਲਈ ਬੜਾ ਕੁਝ ਤਜਰਬੇ ਨਾਲ ਲਿਖਿਆ ਮਗਰ ਜ਼ਾਲਿਮਾਂ ਨੇ ਕਿਤਨਾਂ ਅਤਿਆਚਾਰ ਕੀਤਾ ਝੂਠੀਆਂ ਕਸਮਾਂ ਸੁਗੰਧਾਂ ਖਾ ਕੇ ਉਨਾਂ ਦੇ ਘਰ ਨੂੰ ਬਰਬਾਦ ਕੀਤਾ। ਸਰਸਾ ਨਦੀ ਵਿਚ ਢੇਰ ਪੁਸਤਕਾਂ ਦੇ ਬੰਡਲ ਪਾਣੀ ਦੀ ਭੇਟਾ ਹੋ ਗਏ। ਉਨਾਂ ਦੇ ਖੂਨੀ ਇਤਹਾਸ ਤੀਕ ਪਹੁੰਚਣਾ ਅਸੰਭਵ ਹੈ। ਪਰ ਫਿਰ ਵੀ ਉਨਾਂ ਦੁਸ਼ਮਨ ਨੂੰ ਹੈਰਾਨ ਕਰ ਛਡਿਆ। ਕਰੋੜਾਂ ਜਾਬਰਾਂ ਵਿਚੋਂ ਬਚਕ ਗੁਰੂ ਪੰਥ ਦੀ ਸ਼ਾਨ ਨੂੰ ਫਿਰ ਭਾਗ ਲਾ ਦਿਤੇ। ਸਚਖੰਡ ਜਾਂ ਹਜ਼ੂਰ ਸਾਹਿਬ ਤੀਕ ਪਹੁੰਚ ਕੇ ਸਾਡੇ ਲਈ ਨਵਾਂ ਇਤ-ਹਾਸ ਪੈਦਾ ਕਰ ਗਏ। ਉਨ੍ਹਾਂ ਦੀ ਅਨੰਦ ਪੁਰੀ ਫਿਰ ਉਸੇ ਤਰਾਂ ਜਗ ਮਗਾ ਰਹੀ ਹੈ। ਉਨ੍ਹਾਂ ਦੇ ਰਹਤਵਾਨਾਂ ਦੀਆਂ ਗੂੰਜਾਂ ਸੁਰਜੀਤ ਹਨ। ਉਨ੍ਹਾਂ ਦੇ ਲਾਏ ਸਿਖੀ ਦੇ ਬੂਟੇ ਸਦਾ ਹੀ ਪ੍ਰਫੁਲਤ ਰਹਿਨਗੇ। ਸਰਬੰਸ ਦਾਨੀ ਕੌਮ ਦੇ ਹਿਰਦੇ ਵਿਚ ਵਸ ਰਿਹਾ ਹੈ।

ਖੈਰ ਮੈਂ ਅਪਣੇ ਨਿਸ਼ਾਨੇ ਤੋਂ ਦੂਰ ਨਹੀਂ ਜਾਣਾਂ ਮੈਂ ਕੁਝ ਪਿਆਰ ਦਸਣਾ ਹੈ ਕੇਸਾਂ ਬਾਰੇ। ਕੋਈ ਵਕਤ ਇਸ ਧਰਤੀ ਤੇ ਆਇਆ ਕੇਸਾਂ ਨੂੰ ਕਟਣਾਂ ਭਰਿਸ਼ਟ ਕਰਨਾਂ ਸਮਝਦੇ ਸੀ। ਕੇਸ ਕਢਣੇ ਕਿਥੋਂ ਆਰੰਭ ਹੋਏ ਕੁਝ ਮਿਸਾਲਾਂ ਹੇਠ ਲਿਖੀਆਂ ਜਾਂਦੀਆਂ ਹਨ।

www.AKJ.Org

(੧) ਤਰੇਤਾ ਯੁਗ ਵਿਚ ਸ੍ਰੀ ਰਾਮਚੰਦਰ ਜੀ ਨੇ ਪਰਸ ਰਾਮ ਦੀਆਂ ਜਟਾਂ ਤੇ ਦਾੜ੍ਹਾ ਕਟ ਕੇ ਉਸ ਦੀ ਜਾਨ ਬਖਸ਼ ਦਿਤੀ ਤੇ ਉਹ ਬਿਚਾਰਾ ਸ਼ਰਮ ਦਾ ਮਾਰਿਆ ਤਪੋ ਬਨ ਨੂੰ ਚਲਾ ਗਿਆ ਕਿਸੇ ਦੇ ਮੂੰਹ ਨਾ ਲਗ ਸਕਿਆ।

(੨) ਦੂਜੀ ਘਟਨਾ ਦੁਆਪਰ ਵਿਚ ਵਾਪਰੀ। ਸ੍ਰੀ ਕਰਿਸ਼ਨ ਜੀ ਨੇ ਜਦੋਂ ਸਸਪਾਲ ਨੂੰ ਹਰਾ ਕੇ ਰੁਕਮਣੀ ਵਿਆਹ ਲਈ ਤਾਂ ਘਰ ਵਲ ਆਉਂਦਿਆਂ ਰੁਕਮਣੀ ਦਾ ਭਰਾ ਰੁਕਮਣ ਮਿਲ ਪਿਆ ਤੇ ਉਸ ਨੇ ਕਰਿਸ਼ਨ ਜੀ ਤੇ ਖੂਨੀ ਵਾਰ ਕਰ ਦਿਤਾ। ਸੋਲਾਂ ਕਲਾਂ ਸੰਪੂਰਨ ਸ੍ਰੀ ਕਰਿਸ਼ਨ ਜੀ ਨੇ ਉਸ ਦੀ ਬਾਂਹ ਦੂਰੋਂ ਪਕੜ ਲਈ ਤੇ ਉਸ ਦੀ ਤੇਗ ਖੋ ਲਈ ਤੇ ਉਸ ਨੂੰ ਕਤਲ ਕਰਨ ਹੀ ਲਗੇ ਸਨ ਕਿ ਰੁਕਮਣੀ ਨੇ ਹਥ ਜੋੜਕੇ ਬੇਨਤੀ ਕੀਤੀ ਕਿ ਮਹਾਰਾਜ ਮੇਰੇ ਭਰਾ ਨੂੰ ਜਾਨੋਂ ਨਾ ਮਾਰੋ ਹੋਰ ਜਿਹੜੀ ਮਰਜ਼ੀ ਇਸ ਨੂੰ ਜਿਸਮਾਨੀ ਸਜ਼ਾ ਦੇ ਦੇਵੋ। ਸ੍ਰੀ ਕਰਿਸ਼ਨ ਜੀ ਨੇ ਰੁਕਮਣ ਦੇ ਕੇਸ ਤੇ ਦਾੜ੍ਹੀ ਕਟਕੇ ਛਡ ਦਿਤਾ ਤੇ ਉਹ ਸ਼ਰਮ ਦਾ ਮਾਰਿਆ ਜੰਗਲਾਂ ਨੂੰ ਭੱਜ ਗਿਆ।

(੩) ਤੀਸਰੀ ਘਟਣਾਂ ਕੇਸਾਂ ਬਾਰੇ ਸ੍ਰੀ ਰਵਿਦਾਸ ਭਗਤ ਦੇ ਸਮੇਂ ਵਾਪਰੀ। ਉਨ੍ਹਾਂ ਨੇ ਪੰਡਤਾਂ ਨਾਲ ਸ਼ਰਤ ਲਾਈ ਸੀ ਜੇ ਮੇਰਾ ਠਾਕਰ ਤਰ ਜਾਵੇ ਤਾਂ ਮੈਂ ਤੁਹਾਡੇ ਮਹੰਤ ਦਾ ਸਿਰ ਕਟ ਲਵਾਂਗਾ। ਜੇਕਰ ਤੁਹਾਡੇ ਠਾਕਰ ਤਰ ਜਾਣ ਤਾਂ ਮੇਰਾ ਸੀਸ ਹਾਜ਼ਰ ਹੈ। ਅਖੀਰ ਵਿਚ ਭਗਤ ਰਵਿਦਾਸ ਜੀ ਜਿਤ ਗਏ ਤੇ ਪੰਡਤ ਜਿਹੜੇ ਨਿੰਦਕ ਸਨ ਪੈਰੀ ਪੈ ਗਏ ਤੇ ਜਾਨ ਬਖਸ਼ੀ ਲਈ ਬੇਨਤੀਆਂ ਕਰਨ ਲਗ ਪਏ। ਸ੍ਰੀ ਰਵਿਦਾਸ ਜੀ ਨੂੰ ਦਯਾ ਆ ਗਈ ਤੇ ਉਨ੍ਹਾਂ ਵਡੇ, ਪੰਡਤ ਦੀਆਂ ਜਟਾਂ ਤੇ ਦਾੜ੍ਹੀ ਆਪਣੀ ਲੋਹੇ ਦੀ ਰੰਬੀ ਨਾਲ ਮੁਨ ਕੇ ਉਸ ਨੂੰ ਭਰਿਸ਼ਟ ਕਰਕੇ ਛਡ ਦਿਤਾ। ਉਸ ਪੰਡਤ ਵਲ ਦੇਖ ਹੋਰ ਪੰਡਤਾਂ ਨੇ ਉਸ ਦੀ ਨਕਲ ਕੀਤੀ ਤੇ ਘੋਨ ਮੋਨ ਹੋ ਬੈਠੇ। ਕੋਈ ੨ ਪੰਡਤ ਹਾਲੀ ਵੀ ਹੋ ਬੋਦੀ ਰਖਦੇ ਹਨ ਪਰ ਇਹ ਬੋਦੀ ਕੇਸਾਂ ਦਾ ਕੰਮ ਕਿਵੇਂ ਸਾਰ ਸਕਦੀ ਹੈ ਇਹ ਤਾਂ ਸੂਰਜ ਨੂੰ ਦੀਵਾ ਦਿਖਾਵਨ ਵਾਲੀ ਗਲ ਹੈ।

(੪) ਚੋਥੀ ਵਾਰਤਾ ਹਜ਼ਰਤ ਇਬਰਾਹੀਮ ਨਾਲ ਵਾਪਰੀ। ਪਹਿਲੀ ਇਸਤਰੀ ਨੇ ਕਿਹਾ ਸੀ ਜੇ ਤੁਸੀਂ ਵਚਨ ਨਾ ਪਾਲਿਆ ਤਾਂ ਸਜ਼ਾ ਪਾਉਗੇ। ਮੁਸਲਮ ਪੈਗੰਬਰ ਨੇ ਦੂਸਰੀ ਇਸਤਰੀ ਨਾਲ ਮਨਮਤ ਕੀਤੀ ਤੇ ਉਸਦੀ ਸਜ਼ਾ ਮਿਲੀ। ਕਾਜ਼ੀਆਂ ਨੇ ਫ਼ਤਵਾ ਲਾਇਆ ਜਿਹੜੇ ੨ ਅੰਗ ਪੈਗੰਬਰ ਦੇ ਗੁਨਾਹੀ ਹੋਏ ਉਹ ਹੀ ਕਟੇ ਜਾਨ ਤੇ ਤਾਂ ਜਾਨ ਦੀ ਰਹਾਈ ਸਕਦੀ ਹੈ। ਅਖੀਰ ਉਸ ਦੀ ਦਾੜ੍ਹੀ ਕੇਸ ਕਟੇ ਗਏ ਤੇ ਸੁਨਤ ਕਰਕੇ ਉਸ ਦੀ ਜਾਨ ਬਖਸ਼ ਦਿਤੀ। ਬਾਕੀ ਦੂਸਰੇ ਮੁਸਲਮਾਨ ਆਪਣੇ ਪੈਗੰਬਰ ਪਿਛੇ ਭੁਲ ਵਿਚ ਹੀ ਕਸ਼ ਦਾੜ੍ਹੀਆਂ ਕਟਣ ਵਿਚ ਜੁਟ ਗਏ ਤੇ ਸੁਨਤ ਕਰਾਨ ਲਗ ਪਏ। ਜਿਸ ਤਰਾਂ ਹਜ਼ਰਤ ਯਸੂਹ ਮਸੀਹ ਨੂੰ ਫਾਂਸੀ ਮਿਲੀ ਬਾਕੀ ਇੰਗਲਸ਼ ਲੋਗ ਰੋਸ ਵਿਚ ਨੈਕਟਾਈਆਂ ਗਲਾਂ ਵਿਚ ਲਟਕਾਨ ਲਗ ਪਏ। ਅਜ ਤਾਂ ਮੇਰੇ ਸਿਖ ਸਰਦਾਰ ਵੀਰ ਵੀ ਨੈਕਟਾਈ ਬਨਣਾ ਫ਼ਖਰ ਸਮਝਦੇ ਹਨ। ਜੇ ਇਨਾਂ ਨੂੰ ਇਸ ਦੀ ਅਸਲੀਅਤ ਦਾ ਪਤਾ ਚਲ ਜਾਵੇ ਤਾਂ ਇਹ ਨੈਕਟਾਈ ਨੂੰ ਹਥ ਨਾਲ ਫੜਨਾਂ ਵੀ ਅਯੋਗ ਸਮਝਣਗੇ। ਇਸ ਅੰਗਰੇਜ਼ੀ ਫੈਸ਼ਨ ਨੇ ਹੀ ਦੁਨੀਆਂ ਦੀ ਸਮਾਜਕ ਅਵੱਸਤਾ ਨੂੰ ਢਾ ਲਾ ਛੱਡੀ ਹੈ।

www.AKJ.Org

(੫) ਪੰਜਵੀਂ ਵਜਾ ਕੇਸਾਂ ਦੀ ਬੇਅਦਬੀ ਦੀ ਹ ਹੈ ਜੋ ਹਿੰਦੁਸਤਾਨ ਤੇ ਤੁਰਕ ਜਾਬਰਾਂ ਦੀਆਂ ੜੀਆਂ ਮਨ ਮਾਨੀਆਂ ਹੋਈਆਂ। ਇਨਾਂ ਹਿੰਦੂ ਖ ਜਨਤਾ ਨਾਲ ਜ਼ਾਲਮਾਨਾ ਸਲੂਕ ਕੀਤਾ। ਹਿੰਦੂ ਵਿਚਾਰੇ ਮੌਤੋਂ ਡਰਦੇ ਕਈ ਵੇਰਾਂ ਉਨ੍ਹਾਂ ਦੇ ੜੇ ਚੜ ਕੇ ਕਲਮਾਂ ਪੜ੍ਹ ਲੈਂਦੇ। ਇਸ ਤਰਾਂ ਸਿਰ ਡਿਆਂ ਦੀ ਗਿਣਤੀ ਵਧਦੀ ਗਈ। ਗਊ ਗਰੀਬਾਂ ਦੀ ਪੱਤ ਤੁਰਕਾਂ ਖੂਬ ਲੁਟੀ ਤੇ ਏਸੇ ਘੋਰ ਤਿਆ ਨੂੰ ਰੋਕਣ ਲਈ 'ਸਤਿਗੁਰੂ ਨਾਨਕ ਗਟਿਆ ਮਿਟੀ ਧੁੰਦ ਜਗ ਚਾਨਣ ਹੋਆ।'

ਗੁਰੂ ਨਾਨਕ ਦੇਵ ਜੀ ਨੇ ਭਾਰਤ ਵਿਚ ਆਨ ਸਚਾ ਖੁਦਾਈ ਹੁਕਮ ਜਨਤਾ ਨੂੰ ਸੁਣਾਇਆ ਜੇਹੜਾ ਕਿ ਗੁਰੂ ਰੂਪ ਬਾਣੀ ਦੇ ਰੂਪ ਵਿਚ ਤਖਤ ਨਰਾਂ ਦਾ ਮਾਲਿਕ ਹੈ। ਦਸਵੇਂ ਜਾਮੇਂ ਵਿਚ ਕਲਗੀਧਰ ਪਾਤਸ਼ਾਹ ਨੇ ਤਾਂ ਪੱਕੀ ਮੋਹਰ ਹੀ ਲਾ ਦਤੀ ਹੈ। ਨੀਚੋਂ ਊਚ ਕਰ ਕੇ ਹੀ ਦਿਖਾ ਦਿਤਾ । ਬ੍ਰਾਹਮਨ ਖਤਰੀ ਵੈਸ਼ ਸੂਦਰ ਕੁਦਰਤ ਨਾਲ ੜ ਦਿਤੇ ਗਿਦੜੋਂ ਸ਼ੇਰ ਬਣਾ ਦਿਤੇ ਐਸੀ ਅੰਮ੍ਰਿਤ ਡੇ ਧਾਰ ਦੀ ਵਰਖਾ ਕੀਤੀ ਜੋ ਮਨੁਖਤਾ ਨੂੰ ਨਵਾਂ ਜੀਵਨ ਬਖਸ਼ ਦਿਤਾ।

ਇਹ ਸੀ ਜੋਤ ਇਲਾਹੀ ਜੋ ਸਰਬਤ ਦੇ ਭਲੇ ਲਈ ਭਾਰਤ ਵਰਸ਼ ਵਿਚ ਆਈ। ਇਹ ਸੀ ਜਾਮਾਂ ਸਤਿਗੁਰ ਨਾਨਕ ਦੇਵ ਜੀ ਦਾ ਜਿਸ ਨੇ ਡਿਗਦੇ ਸੂਰਤਾਂ ਨੂੰ ਪੰਜੇ ਤੇ ਰੋਕਿਆ ਤੇ ਬਾਬਰ ਜਿਹਾਂ ਦੀ ਨੀ ਤੇ ਜ਼ਾਲਮਾਨਾਂ ਤੇਗ਼ ਰੋਕੀ। ਕੌੜੇ ਵਰਗਿਆਂ ਸੀਤਲ ਕਰ ਛਡਿਆ ਰੱਬੀ ਬਾਣੀ ਉਚਾਰਨ ਵਾਲਿਆਂ ਨੇ। ਪੰਜਵੇਂ ਜਾਮੇਂ ਵਿਚ ਏਸੇ ਖੁਦਾਈ ਸਰੂਪ ਨੇ ਮਨੁਖਤਾ ਦੇ ਸਾਂਝੇ ਪਿਆਰ ਲਈ ਤੱਤੀ ਤਵੀ ਤੇ ਆਸਨ ਲੌਣਾਂ ਮਨਜ਼ੂਰ ਕਰ ਲਿਆ ਪਰ ਇਨਸਾਨੀ ਫ਼ਰਜ਼ ਨੂੰ ਨਾ ਛਡਿਆ ਤੇ ਸਿਖਾਂ ਸੇਵਕਾਂ ਨੂੰ ਚੜ੍ਹਦੀ ਕਲਾ 'ਚ ਰਖਿਆ। ਨੌਵੇਂ ਜਾਮੇਂ ਵਿਚ ਏਸੇ ਸਾਂਝੇ ਪਿਆਰ ਨੇ ਸਿਰ ਦੀ ਭੇਟਾ ਦੇ ਦਿਤੀ ਮਗਰ ਜਾਬਰਾਂ ਮੂਹਰੇ ਸਚੀ ਤੇ ਸੁਚੀ ਸਿੱਖੀ ਨੂੰ ਨਾ ਡਿਗਣ ਦਿਤਾ। ਦਸਵਾਂ ਜਾਮਾਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵਿਰਸੇ ਆਇਆ ਤੇ ਉਨਾਂ ਜੋ ਕੁਝ ਅਕਾਲ ਪੁਰਖ ਤੋਂ ਪ੍ਰਾਪਤ ਕੀਤਾ ਉਹੀ ਆਪਣੇ ਖਾਲਸੇ ਨੂੰ ਵਿਰਸੇ ਵਿਚ ਦੇ ਛਡਿਆ।

ਕਲਗੀਧਰ ਪਾਤਸ਼ਾਹ ਦਾ ਮੁਖਵਾਕ ਹੈ 'ਖਾਲਸਾ ਮੇਰੋ ਰੂਪ ਹੈ ਖਾਸ।' ਇਸ ਦਾ ਸਿਧਾ ਭਾਵ ਪੰਜ ਕਕਾਰਾਂ ਵਾਲਾ ਸਿੰਘ ਸੂਰਾ ਦਰਗਾਹ ਵਿਚ ਪ੍ਰਵਾਨ ਹੈ। ਬਾਜਾਂਵਾਲ ਨੂੰ ਕਛਾ, ਕੜਾ, ਕਿਰਪਾਨ ਤੇ ਕੰਘਾ ਕੇਸਕੀ, ਇਹ ਪੰਜ ਨਿਸ਼ਾਨ ਹਜ਼ੂਰ ਨੂੰ ਧੁਰੋਂ ਹੀ ਪ੍ਰਾਪਤ ਹੋਏ। ਬਲਿਹਾਰ ਜਾਵਾਂ ਉਹਨਾਂ ਪਾਕ ਰੂਹਾਂ ਦੇ ਜਿਨ੍ਹਾਂ ਖੋਪਰੀ ਲੁਹਾ ਲਈ ਪਰ ਕੇਸਾਂ ਦੀ ਬੇਅਦਬੀ ਨਾ ਹੋਣ ਦਿਤੀ। ਸੁਖਾ ਸਿੰਘ ਦੀ ਯਾਦ ਕਿਸਨੂੰ ਭੁਲਦੀ ਹੈ। ਖਾਲਸਾ ਜ਼ਾਤ ਪਾਤ ਤੋਂ ਨਿਆਰਾ ਹੈ। ਧੰਨ ਸਿਦਕੀ ਸਿੰਘਣੀਆਂ ਜਿਨ੍ਹਾਂ ਕੇਸਕੀਆਂ ਸਜਾ ਖੰਡਾ ਖੜਕਾਇਆ, ਸਿੰਘਾਂ ਦਾ ਹਰ ਮੁਸੀਬਤ ਵਿਚ ਸਾਥ ਨਿਭਾਇਆ। ਸਿੰਘ ਸਦਾਵਨ ਵਾਲਿਆਂ ਆਪਣੇ ਜੀਵਨ ਨਿਸ਼ਾਨੇ ਨੂੰ ਅਖਾਂ ਮੂਹਰੇ ਰਖ ਇਹਨਾਂ ਕੇਸਾਂ ਦੀ ਮਹਾਨਤਾ ਤਕ 'ਹਰ ਦੋ ਆਲਿਮ ਕੀਮਤੇ ਯਕ ਤਾਰ ਮੂਏ ਯਾਰ ਮਾ' ਇਹ ਕੀਮਤ ਹੈ ਦੋਨੋਂ ਜਹਾਨ ਸਾਡੇ ਸਾਹਿਬ ਦੇ ਇਕ ਵਾਲ ਦੀ।

www.AKJ.Org

# ਅੰਮ੍ਰਿਤ ਵੇਲਾ—੭

( ਡਾ: ਤੇਜਇੰਦਰ ਸਿੰਘ ਜੀ ਭੁਪਾਲ )

ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਵੇਈਂ ਨਦੀ ਵਿਚ ਇਸ਼ਨਾਨ ਕਰਨ ਗਏ ਤੇ ਅਗੋਂ ਅਰਸ਼ਾਂ ਤੋਂ ਕੋਈ ਨੂਰੀ ਆਏ ਤੇ ਗੁਰੂ ਜੀ ਨੂੰ ਵਾਹਿਗੁਰੂ ਜੀ ਦੇ ਦੇਸ਼ ਲੈ ਗਏ ਸ੍ਰੀ ਅਕਾਲ ਪੁਰਖ ਜੀ ਪਾਸੋਂ ਤਾਂ ਅੰਮ੍ਰਿਤ ਦਾ ਕਟੋਰਾ ਭਰ ਕਰ ਮਿਲਿਆ। ਹੁਕਮ ਹੋਇਆ ਨਾਨਕ ਇਹ ਅੰਮ੍ਰਿਤ ਮੇਰੇ ਨਾਮ ਦਾ ਪਿਆਲਾ ਹੈ ਤੂੰ ਪੀਉ। ਤਬ ਗੁਰ ਨਾਨਕ ਤਸਲੀਮ ਕੀਤੀ ਤੇ ਪਿਆਲਾ ਪੀਤਾ। ਸਾਹਿਬ ਮੇਹਰਵਾਨ ਹੋਆ 'ਨਾਨਕ...ਮੈਂ ਤੇਰੇ ਤਾਂਈ ਨਿਹਾਲ ਕੀਆ ਹੈ...ਮੈਂ ਤੇਰੇ ਤਾਈਂ ਆਪਣਾ ਨਾਮ ਦੀਆ ਹੈ। ਮਾਲਕ ਖਸਮ (ਵਾਹਿਗੁਰੂ) ਜੀ ਨੇ ਗੁਰੂ ਨਾਨਕ ਦੇਵ ਜੀ ਨੂੰ 'ਸਚੀ ਸਿਫਤਿ ਸਾਲਾਹਿ ਕਪੜਾ ਪਾਇਆ॥ ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ॥ ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ॥' [ਵਾਰ ਮਾਝ ਮ: ੧-੨੭

ਸਚਮੁਚ ਦਾ ਅੰਮ੍ਰਿਤ (ਹਰੀ ਨਾਮ) ਭੋਜਨ ਖਾਕੇ, ਗੁਰੂ ਸਾਹਿਬ ਅੰਮ੍ਰਿਤ ਨਾਮ ਦਰਗਾਹ ਤੋਂ ਲੈ ਆਏ ਆਪਣੇ ਨਾਲ, ਤੇ ਵੰਡਣਾ ਸ਼ੁਰੂ ਕਰ ਦਿਤਾ।

ਇਸ ਪਿਛੋਕੜ ਦੇ ਹੁੰਦਿਆਂ ਗੁਰੂ ਸਾਹਿਬ ਨੇ ਆਪਣੇ ਆਪ ਨੂੰ ਢਾਡੀ ਬਣਾ ਕੇ ਵਾਹਿਗੁਰੂ ਜਸ ਗਾਇਣ ਕੀਤਾ। ਇਹ ਸਭ ਕੁਝ ਹੁੰਦਿਆਂ ਜਦ ਸਿਫ਼ਤ ਸਾਲਾਹ ਦਾ ਵੇਲਾ ਦੱਸਣ ਲੱਗੇ ਤਾਂ ਆਪ ਨੇ ਅੰਮ੍ਰਿਤ ਵੇਲਾ ਹੀ ਦਸਿਆ। ਇਸ ਅੰਮ੍ਰਿਤ ਵੇਲੇ ਲਈ ਆਪ ਨੇ ਵੇਖੋ ਕਿਹੜੇ ਕਿਹੜੇ ਕਦਮ ਉਠਾਏ.—

(੧) ਇਸ ਦਾ ਨਾਮ ਸੰਸਕਾਰ ਕੀਤਾ ਜੋ ਇਸ ਦੇ ਅੰਮ੍ਰਿਤ ਗੁਣਾਂ ਦਾ ਸੂਚਕ ਹੋਵੇ। ਇਸ ਦਾ ਕਰਮ ਨਾਮ ਵਰਣਨ ਕੀਤਾ।

(੨) ਇਸ ਦਾ ਪੂਰਨ ਵਕਤ ਘੜਿਆ। ਸੁਬਾਹ ਹਰ ਧਰਮਾਂ ਵਿਚ ਭੀ ਪਵਿਤ੍ਰ ਹੈ ਪਰ ਹਰ ਇਕ ਦਾ ਵੇਲਾ ਵਕਤ ਘੱਟ ਵਧ ਹੈ। ਸਾਹਿਬਾਂ ਨੇ ਗੁਰਸਿਖੀ ਲਈ ਰਾਤ ਦਾ ਪਿਛਲਾ ਪਹਿਰ ਮੁਕਰਰ ਕੀਤਾ। ਇਕ ਤਰ੍ਹਾਂ ਇਸ ਸਮੇਂ ਨੂੰ ਦਿਨ ਰਾਤ ਦੇ ਵਕਤ ਦਾ ਦਸਵੰਧ ਬਣਾਇਆ।

(੩) ਆਪ ਨੇ ਇਕ ਖਾਸ ਰਾਗਨੀ ਦੀ ਰਚਨਾ ਕੀਤੀ ਜੋ ਇਸ ਵੇਲੇ ਗਾਇਨ ਕੀਤੀ ਜਾਵੇ। ਇਸ ਦਾ ਨਾਮ 'ਰਾਗ ਆਸਾ' ਰਖਿਆ।

(੪) ਇਸੇ ਵੇਲੇ ਗਾਇਨ ਕਰਨ ਲਈ ਇਕ ਖਾਸ ਬਾਣੀ ਰਚੀ ਉਸ ਦਾ ਨਾਮ 'ਆਸਾ ਦੀ ਵਾਰ' ਰਖਿਆ।

(੫) ਸੰਤ ਸਿਪਾਹੀ ਦੀ ਨੀਂਹ ਆਸਾ ਦੀ ਵਾਰ ਰਚਣ ਵਿਚ ਹੀ ਰੱਖ ਦਿਤੀ। ਵਾਰਾਂ ਜੰਗਜੂ ਸਪਿਰਟ (ਭਾਵ) ਪੈਦਾ ਕਰਨੀ ਹੈ



www.AKJ.Org

ਸਿਪਾਹੀ ਬਣਾ ਕੇ 'ਤਿਆਰ ਬਰ ਤਿਆਰ' ਰਹਿਣ ਦੀ ਤਾਕਤ ਰੋਜ਼ ਭਰਨੀ ਹੈ। ਬਾਣੀ ਨੇ ਸੰਤ ਸੁਭਾ ਬਨਾਉਣਾ ਹੈ। ਦੋਹਾਂ ਰਲ ਕੇ ਸੰਤ ਸਿਪਾਹੀ ਬਨਾਉਣ ਵਿਚ ਸਹਾਇਕ ਹੋਣਾ ਹੈ।

(੬) ਗੁਰੂ ਸਾਹਿਬ ਨੇ ਆਪ ਮੋਢੀ ਬਣ ਕੇ ਰਹਿਣੀ ਬਹਿਣੀ ਦਾ ਨਮੂਨਾ ਆਪ ਵਰਤ ਕੇ ਵਿਖਾਇਆ, ਅੰਮ੍ਰਿਤ ਵੇਲੇ ਉਠ 'ਸਚੁ ਨਾਉ ਵਡਿਆਈ ਵੀਚਾਰੁ' ਕੀਤੀ ਤੇ ਸਿਖਾਂ ਲਈ ਗਾਡੀ ਰਾਹ ਬਣਾਇਆ।

(੭) "ਸਚੁ ਨਾਉ ਵਡਿਆਈ ਵੀਚਾਰੁ' ਦਾ ਹੁਕਮ ਹਰ ਸਮੇਂ ਲਈ ਹੈ ਪਰ ਜਦੋਂ ਖਾਸ ਵੇਲਾ ਦੱਸਿਆ ਤੇ ਚੌਥੀ ਪਾਤਸ਼ਾਹੀ ਨੇ ਇਸ ਨੂੰ ਹੋਰ ਵੀ ਸਪਸ਼ਟ ਕੀਤਾ ਜਦੋਂ ਆਪ ਨੇ ਸਿਖਾਂ ਦੀਆਂ ਕੁਝਕੁ ਨਿਸ਼ਾਨੀਆਂ ਹੇਠ ਲਿਖੇ ਸ਼ਬਦ ਵਿਚ ਦਸੀਆਂ:—

'ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥ ਉਦਮੁ ਕਰੇ ਭਲਕੇ ਪਰਭਾਤੀ, ਇਸਨਾਨ ਕਰੇ ਅੰਮ੍ਰਿਤਸਰਿ ਨਾਵੈ ॥ ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥ ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਿਦਿਆ ਉਠਦਿਆ ਹਰਿ ਨਾਮੁ ਧਿਆਵੈ ॥ ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰ ਸਿਖ ਗੁਰੂ ਮਨਿ ਭਾਵੈ ॥... [ਗਉੜੀ ਵਾਰ ਮ: ੪-੧੧

ਭਾਵ ਇਹ ਕਿ ਗੁਰੂ ਦਾ ਸਿਖ (ਅੰਮ੍ਰਿਤ ਵੇਲੇ ਉਠ ਕੇ, 'ਸਚੁ ਨਾਉ ਵਡਿਆਈ ਵੀਚਾਰੁ' ਵਿਚ ਜੁਟੇ। ਇਸ ਗੱਲ ਤੇ ਵਧੇਰੇ ਜ਼ੋਰ ਦੇਣ ਲਈ, ਦੂਜੀ ਤੁਕ ਵਿਚ ਉਹੋ ਕੁਝ ਹੀ ਫਿਰ ਦੁਹਰਾਇਆ ਹੈ ਜੋ ਕੁਝ ਪਹਿਲੀ ਵਿਚ ਹੁਕਮ ਕੀਤਾ ਹੈ ਕਿ ਭਲਕੇ ਪ੍ਰਭਾਤੀ ਉਦਮ ਕਰਕੇ ਉਠੇ ਤੇ ਇਸ਼ਨਾਨ ਕਰੇ ਅੰਮ੍ਰਿਤ ਕੁੰਡ ਵਿਚ। ਅੰਮ੍ਰਿਤ ਦਾ ਕੁੰਡ ਅੰਦਰੋਂ ਤੇ ਬਾਹਰੋਂ ਦੋਵੇਂ ਪਾਸੇ ਦੇ ਅਰਥ ਰਖਦਾ ਹੈ। ਅੰਦਰ ਦਾ ਅੰਮ੍ਰਿਤ ਦਾ ਕੁੰਡ ਹੈ ਮਨ ਦਾ ਨਾਮ ਵਿਚ ਲਿਵਲੀਣ ਹੋਣਾ ਤੇ ਬਾਹਰ ਦਾ ਕੁੰਡ ਹੈ ਜੋ ਅੰਮ੍ਰਿਤ ਵੇਲੇ ਦੇ ਸੁਹਾਵਣੇ ਪ੍ਰਭਾਵ ਵਿਚ ਸਾਰਾ ਸਰੀਰ ਤੇ ਸਾਰੀ ਸੁਰਤ ਸਰਸ਼ਾਰ (ਭਰਪੂਰ) ਹੋਕੇ ਇਸ਼ਨਾਨ ਕਰ ਰਹੀ ਹੈ। ਤੀਸਰੀ ਤੁਕ ਵਿਚ ਫਿਰ 'ਅੰਮ੍ਰਿਤਸਰ ਨਾਵੈ' ਦੀ ਵਿਆਖਿਆ ਕੀਤੀ ਹੈ, ਕਿ ਜੋ ਗੁਰੂ ਦਾ ਉਪਦੇਸ਼ ਹੈ 'ਹਰਿ ਹਰਿ ਜਪਣ ਦਾ' ਉਸ ਨੂੰ ਜਪੇ। ਅਗੇ ਉਸ ਦਾ ਫਲ ਦਿੱਤਾ ਹੈ ਕਿ ਇਸ ਨਾਲ 'ਕਿਲਵਿਖ ਪਾਪ' ਸਾਰੇ ਦੇ ਸਾਰੇ ਲਹਿ ਜਾਂਦੇ ਹਨ (ਤੇ ਪਵਿੱਤ੍ਰ ਹੋਏ ਮਨ ਵਿਚ ਨਾਮ ਵਸਦਾ ਹੈ)। ਇਸ (ਪੜਾ) ਦੇ ਖਤਮ ਹੋਣ ਪਿਛੋਂ ਹੁਣ ਦੂਜਾ (ਪੜਾ) ਸ਼ੁਰੂ ਹੁੰਦਾ ਹੈ। ਆਪ ਫ਼ਰਮਾਉਂਦੇ ਹਨ ਕਿ ਫੇਰ ਜਦ ਦਿਨ ਚੜੇ (ਅਥਵਾ ਸੂਰਜ ਨਿਕਲੇ) ਤਾਂ ਸਿੱਖ ਦੀ ਨਿਸ਼ਾਨੀ ਦੱਸੀ ਹੈ ਕਿ ਉਠਦਿਆਂ ਬੈਠਦਿਆਂ, ਕੰਮ ਕਾਰ ਕਰਦਿਆਂ ਗੁਰਬਾਣੀ ਗਾਵੇ, ਜਾਂ ਹਰੀ ਦਾ ਨਾਮ ਧਿਆਵੇ। ਪਹਿਲਾਂ ਲਿਖਿਆ ਅੰਮ੍ਰਿਤ ਵੇਲੇ ਦਾ ਪ੍ਰੋਗਰਾਮ ਸੀ। ਉਹ ਜਿਸ ਵੇਲੇ ਖਤਮ ਹੋ ਗਿਆ, ਹੁਣ ਦੂਜਾ ਪਰੋਗਰਾਮ ਸੂਰਜ ਚੜਨ ਤੋਂ ਪਿਛੋਂ ਦਾ ਹੈ ਉਹ ਹੈ 'ਬਹਦਿਆ ਉਠਦਿਆ ਹਰਿ ਨਾਮੁ ਧਿਆਵੈ" ਤੇ 'ਗੁਰਬਾਣੀ ਗਾਵੈ। ਤੇ ਇਸ ਤਰ੍ਹਾਂ ਕਰਦਿਆਂ ੨ ਇਹ ਅਭਿਆਸ ਇਤਨਾ ਪੱਕ ਜਾਵੇ ਕਿ ਸਾਸ ਗਿਰਾਸ ਵਾਹਿਗੁਰੂ ਜੀ ਦਾ ਧਿਆਉਣਾ ਜਾਰੀ ਹੋ ਜਾਵੇ, ਤਾਂ ਜੋ ਉਹ ਗੁਰ ਸਿਖ ਗੁਰੂ ਦੇ ਮਨ ਨੂੰ ਭਾ ਜਾਵੇ।

ਇਸ ਸ਼ਬਦ ਵਿਚ 'ਫਿਰਿ ਚੜੈ ਦਿਵਸੁ, ਵਿਚਾਰ ਯੋਗ ਸ਼ਬਦ ਹਨ। ਇਨ੍ਹਾਂ ਦਾ ਮਤਲਬ ਇਸਤਰ੍ਹਾਂ ਪ੍ਰਤੀਤ ਹੁੰਦਾ ਹੈ.—

(੧) ਇਸ ਤੋਂ ਪਹਿਲੇ ਦਾ ਪ੍ਰੋਗ੍ਰਾਮ ਦਿਵਸ


www.AKJ.Org

ਚੜ੍ਹਨ ਤੋਂ ਪਹਿਲੇ ਦਾ ਹੈ ਤੇ ਇਸ ਤੋਂ ਪਿੱਛੋਂ ਦਾ ਦਿਵਸ ਚੜ੍ਹਨ ਤੋਂ ਮਗਰੋਂ ਆਉਂਦਾ ਹੈ। ਦਿਵਸ ਦਾ ਚੜ੍ਹਨਾ ਵਿਚਕਾਰ ਇਕ ਮੀਲ ਪੱਥਰ ਹੈ।

(੨) ਸ਼ਬਦ 'ਫਿਰਿ' ਇਹ ਵੀ ਦੱਸਦਾ ਹੈ ਕਿ ਪਹਿਲਾ ਪਰੋਗ੍ਰਾਮ Specific (ਖਾਸ, ਵਿਸ਼ੇਸ਼) ਹੈ, ਦੂਜਾ (General) (ਆਮ) ਹੈ। ਪਹਿਲਾ ਪ੍ਰੋਗਰਾਮ ਨੀਂਹ ਹੈ ਤੇ ਦੂਜਾ ਉਸਾਰੀ ਹੈ। ਪਹਿਲਾ, ਪਹਿਲਾ ਸਬਕ ਹੈ ਤੇ ਦੂਜਾ, ਦੂਜਾ। ਅਰੰਭਤਾ ਪਹਿਲੇ ਸ਼ਬਦ ਤੋਂ ਹੋਣੀ ਹੈ।

(੩) ਪਹਿਲਾ ਸਬਕ ਵਰਤੋਂ ਵਿਚ ਨਾ ਆਵੇ ਤਾਂ ਦੂਜਾ ਆਉਣਾ ਔਖਾ ਹੈ। ਦੂਜਾ ਸਬਕ ਹੈ ਵੀ ਔਖਾ। ਪਹਿਲੇ ਸਬਕ ਵੇਲੇ ਇਕਾਗ੍ਰਤਾ ਰੱਖਣ ਲਈ ਕਈ ਸਾਮਾਨ ਹਨ (੧) ਸਵਰ ਦਾ ਅੰਮ੍ਰਿਤ ਮਈ ਸਮਾਂ, (੨) ਸਰੀਰ ਮਨ ਤੇ ਚਿਤ ਪੂਰੇ ਤਾਣ ਨਾਲ ਇਸੇ ਨਿਸ਼ਾਨੇ ਲਈ ਜੁਟੇ ਹੋਏ ਹਨ, (੩) ਬਾਹਰਲੀ ਕੋਈ ਰੁਕਾਵਟ ਨਹੀਂ ਪਰ ਦੂਜੇ ਪ੍ਰੋਗ੍ਰਾਮ ਵਿਚ ਕੰਮ ਕਾਜ ਕਰਦਿਆਂ ਧਿਆਨ ਉਨ੍ਹਾਂ ਵਲ ਹੈ, ਸੁਰਤ ਖਿੰਡੀ ਪਈ ਹੈ। ਮਨ ਉਚਾਟ ਕਰਨ ਲਈ ਨਾ ਸਿਰਫ ਆਪਣਾ ਮਨ ਹੀ ਹੈ, ਸਗੋਂ ਸਾਰੀ ਦੁਨੀਆਂ-ਦਾਰੀ ਦੀਆਂ ਗਲਾਂ, ਇਨਸਾਨੀ ਕਮਜ਼ੋਰੀਆਂ, ਮਾਇਆ ਦੇ ਪ੍ਰਭਾਵ ਤੇ ਰੁਝੇਵੇਂ ਤੇ ਕਈ ਪ੍ਰਕਾਰ ਦੇ ਫਿਕਰ ਫਾਕੇ ਆਦਿ ਨਾਨਾ ਪ੍ਰਕਾਰ ਦੇ ਸਾਮਾਨ ਹਨ। ਇਸ ਤਰ੍ਹਾਂ ਕਰਕੇ ਗੁਰਸਿਖੀ ਦੇ ਰਾਹ ਵਿਚ ਪਹਿਲਾ ਕਦਮ ਹੈ ਅੰਮ੍ਰਿਤ ਵੇਲੇ ਉਠਣਾ 'ਸਚੁ ਨਾਉ ਵਡਿਆਈ ਵੀਚਾਰੁ' ਵਾਸਤੇ।

ਉੱਤੇ ਦਸਿਆ ਗਿਆ ਸੀ ਕਿ ਸਤਿਗੁਰ ਨਾਨਕ ਦੇਵ ਜੀ ਨੇ ਕਿਡੀ ਅਥਾਹ ਤੇ ਸਰਬੋਤਮ ਪ੍ਰਾਪਤੀ ਪਾਰਬ੍ਰਹਮ ਪਰਮੇਸ਼ੁਰ ਦੀ ਦਰਗਾਹ ਵਿਚ ਕੀਤੀ, ਪਰ ਫਿਰ ਵੀ ਗੁਰੂ ਜੀ ਨੇ ਇਤਨੀ ਵਡੀ ਤੇ ਮਹਾਨ ਪ੍ਰਾਪਤੀ ਤੋਂ ਪਿਛੋਂ, ਸਤਿਗੁਰੂ ਹੋ ਕੇ, ਵਾਹਿਗੁਰੂ ਜੀ ਦੀ ਜੋਤਿ ਹੋ ਕੇ ਭੀ, ਸਿਫ਼ਤ ਸਲਾਹ ਹੀ ਕਰਦੇ ਕਰਾਂਦੇ ਰਹੇ, ਕਿਉਂਕਿ :—

"ਮਾਰੂ ਮੀਹਿ ਨ ਤ੍ਰਿਪਤਿਆ ਅਗੀ ਲਹੈ ਨ ਭੁਖ ॥
ਰਾਜਾ ਰਾਜਿ ਨ ਤ੍ਰਿਪਤਿਆ ਸਾਇਰ ਭਰੇ ਕਿ ਸੁਕ ॥
ਨਾਨਕ ਸਚੇ ਨਾਮ ਕੀ ਕੇਤੀ ਪੁਛਾ ਪੁਛ ॥"
[ਵਾਰ ਮਾਝ ਮ: ੧-੨੩

ਭਾਵ ਜਿਵੇਂ ਰੇਤ ਥਲਾ ਮੀਂਹਾਂ ਨਾਲ, ਅਗ ਬਾਲਣ ਨਾਲ, ਰਾਜਾ ਰਾਜ ਵਧੇ ਨਾਲ, ਸਮੁੰਦਰ ਜਲ ਪ੍ਰਾਪਤੀ ਨਾਲ ਕਦੇ ਬੱਸ ਨਹੀਂ ਆਖਦੇ, ਹੋਰ ਹੀ ਹੋਰ ਮੰਗਦੇ ਹਨ, ਤਿਵੇਂ ਜੋ ਵਾਹਿਗੁਰੂ ਨਾਮ ਨਾਲ ਭਰਪੂਰ ਹਨ ਉਹ ਨਾਮ ਤੇ ਗੁਣ ਗਾਇਣ ਨੂੰ ਹੋਰ ਹੀ ਹੋਰ ਮੰਗਦ ਹਨ ਤੇ ਉਹਨਾਂ ਨੂੰ 'ਸਾਚ ਨਾਮ ਕੀ ਲਾਗੇ ਭੂਖ' ਰਹਿੰਦੀ ਹੈ। ਗੁਰੂ ਸਾਹਿਬ ਸਿਫਤ ਸਾਲਾਹ ਹੋਰ ਹੀ ਹੋਰ ਮੰਗਦੇ ਹਨ ਤੇ ਉਸ ਲਈ ਨਿਸਚਿਤ ਵਕਤ ਅੰਮ੍ਰਿਤ ਵੇਲਾ ਦੱਸਦੇ ਹਨ, ਤੇ ਆਖਦੇ ਹਨ ਕਿ ਹੇ ਜੀਵ ਜੋ ਦਖਣਾ ਹਈ ਦਰਬਾਰ ਸਚੇ ਸਾਈਂ ਦਾ, ਤੂੰ ਵੀ ਦੇਹ ਭੇਟ, ਉਹੋ ਜੋ ਗੁਰੂ ਸਾਹਿਬਾਂ ਨੇ ਆਪਣੇ ਜੀਵਨ ਵਿਚ ਦਿਤੀ ਹੈ ਲਗਾਤਾਰ, ਅਟੁੱਟ, ਖ਼ੁਸ਼ੀ ਵਿਚ, ਉਮਾਹ ਵਿਚ, ਉਹ ਸੀ ਅੰਮ੍ਰਿਤ ਵੇਲਾ:—

ਦੀਖਿਆ ਆਖਿ ਬੁਝਾਇਆ, ਸਿਫਤੀ ਸਚਿ ਸਮੇਉ ॥
ਤਿਨ ਕਉ ਕਿਆ ਉਪਦੇਸੀਐ ਜਿਨ ਗੁਰੁ ਨਾਨਕ ਦੇਉ ॥
[ਵਾਰ ਮਾਝ ਮ: ੨-੨੭

ਧੰਨ ਐਸਾ ਗੁਰੂ ਨਾਨਕ ਤੇ ਧੰਨ ਉਹ ਰਾਹ ਜੋ ਉਹਨਾਂ ਦਸਿਆ ਅੰਮ੍ਰਿਤ ਬਾਣੀ ਜਪਣ ਸਿਮਰਨ ਤੇ ਗਾਇਣ ਕਰਨੇ ਦਾ, ਅੰਮ੍ਰਿਤ ਵੇਲੇ।


www.AKJ.Org

ਸਤਿਗੁਰ ਜਾਗਿ ਜਗਾਇਦਾ ਸਾਧ ਸੰਗਤਿ ਮਿਲਿ ਅੰਮ੍ਰਿਤ ਵੇਲਾ ॥
[ਭਾਈ ਗੁਰਦਾਸ ਵਾਰ ੨੬-੧੭

ਅਰਥ :—(ਗੁਰੂ ਨਾਨਕ) ਸਤਿਗੁਰੂ (ਜੀ) ਆਪ ਸਦਾ ਜਾਗਦੇ ਹਨ (ਅਤੇ ਹੋਰਨਾਂ ਨੂੰ ਭੀ) ਜਗਾਉਂਦੇ ਹਨ ਤੇ ਅੰਮ੍ਰਿਤ ਵੇਲੇ ਸਾਧ ਸੰਗਤਿ ਵਿਚ ਮੇਲ ਕਰਦੇ ਹਨ।

ਮੁਕਦੀ ਗੱਲ : ਇਹ ਹੈ ਰਸਤਾ ਗੁਰੂ ਸਾਹਿਬ ਜੀ ਦਾ ਦਸਿਆ ਹੋਇਆ ਜੋ ਲੈ ਜਾਵੇਗਾ ਉਸ ਦੇ ਦਰ ਤੇ ਅੰਤ ਨੂੰ 'ਸੋ ਪੁਰਖ' ਵਿਚ, ਅਰਥਾਤ ਉਸ ਦੇ ਪੂਰਣ ਪਿਆਰ ਵਿਚ; ਇਹੋ ਹੈ ਉਸ ਦੀ ਮੇਹਰ, ਨਦਰ, ਕ੍ਰਿਪਾ ਤੇ ਬਖਸ਼ਿਸ਼। ਇਹੋ ਹੈ ਮੋਖਸ਼ ਤੇ ਇਹੋ ਹੈ ਬੈਕੁੰਠ।

ਸੋ ਭਾਵੇਂ 'ਸਚੁ ਨਾਉ ਵਡਿਆਈ ਵੀਚਾਰੁ' ਦਾ ਹਰ ਇਕ ਵੇਲਾ ਹੈ ਪਰ ਨਿਸਚਿਤ ਵੇਲਾ ਅੰਮ੍ਰਿਤ ਵੇਲਾ ਹੀ ਹੈ। ਉਹ ਪਹਿਲੇ ਹੈ, ਉਹ ਮੂਲ ਹੈ, ਉਹ ਜ਼ਰੂਰੀ ਹੈ। ਉਹ ਨਿਯਤ ਹੈ। ੨੪ ਘੰਟੇ ਦੀ ਵਿਉਂਤ ਵਿਚ Time Tabled (ਸਮੇਂ ਸੂਚਿਤ) ਹੈ। ਉਸ ਲਈ ਹੁਕਮ ਹੈ। ਨਿਕਲਣ ਦਾ ਕੋਈ ਰਾਹ ਹੀ ਨਹੀਂ। ਉਸੇ ਨਾਲ ਪਿਆਰ ਤੇ ਲਗਨ ਲੋੜੀਂਦੀ ਹੈ, ਭਾਉ ਲੁੜੀਂਦਾ ਹੈ, ਉਤਸ਼ਾਹ ਲੋੜੀਂਦਾ ਹੈ। ਇਹ ਹੋਸ਼ਾਂ ਵਾਲਿਆਂ ਦੇ ਦਾਇਰੇ ਵਿਚ ਆਉਂਦਾ ਹੈ।

## ਅੰਮ੍ਰਿਤ ਵੇਲੇ ਦੀ ਠੀਕ ਵਰਤੋਂ

ਗੁਰਮਤਿ ਵਿਚ ਨਿਰੋਲ ਅਖੰਡ ਕੀਰਤਨ ਹੀ ਚਲਦਾ ਹੈ।

(੧) ਇਕ ਅਖੰਡ ਕੀਰਤਨ ਉਹ ਹੈ ਜੋ 'ਸੋ ਦਰੁ ਤੇਰਾ ਕੇਹਾ' ਵਾਲ ਸ਼ਬਦ ਵਿਚ ਦਿਤਾ ਹੈ, ਜਿਸ ਨਾਲ ਕਿ ਪਵਣ, ਪਾਣੀ, ਬੈਸੰਤਰ, ਬ੍ਰਹਮਾ, ਇੰਦਰ, ਰਤਨ, ਤੀਰਥ, ਖਾਣੀਆਂ ਆਦਿ, ਸਗਲ ਬ੍ਰਹਮੰਡ ਵਾਹਿਗੁਰੂ ਜੀ ਦਾ ਜਸ ਗਾ ਰਹੇ ਹਨ।

ਪੁਨਾ:—ਧਰਤਿ ਪਾਤਾਲੁ ਆਕਾਸੁ ਹੈ ਮੇਰੀ ਜਿੰਦੁੜੀਏ ਸਭ ਹਰਿ ਹਰਿ ਨਾਮੁ ਧਿਆਵੈ ਰਾਮ ॥
ਪਉਣ ਪਾਣੀ ਬੈਸੰਤਰੋ ਮੇਰੀ ਜਿੰਦੁੜੀਏ ਨਿਤ ਹਰਿ ਹਰਿ ਹਰਿ ਜਸੁ ਗਾਵੈ ਰਾਮ ॥
[ਬਿਹਾਗੜਾ ਮ: ੪ ਛੰਤ ੪

(੨) ਦੂਜੇ ਅਖੰਡ ਕੀਰਤਨ ਉਹ ਹੈ ਜੋ ਸ੍ਵਾਸ ਸ੍ਵਾਸ ਨਾਮ ਸਿਮਰਣ ਨਾਲ ਹੁੰਦਾ ਹੈ ਜਿਵੇਂ—

(ੳ) ਹਉ ਅਨ ਦਿਨੁ ਹਰਿ ਨਾਮੁ ਕੀਰਤਨੁ ਕਰਉ ॥
[ਆਸਾਵਰੀ ਮ: ੪ ਸੁਧੰਗ

(ਅ) ਰਾਤਿ ਨ ਵਿਹਾਵੀ ਸਾਕਤਾਂ ਜਿਨ੍ਹਾਂ ਵਿਸਰੈ ਨਾਉ ॥
ਰਾਤੀ ਦਿਨਸ ਸੁਹੇਲੀਆ, ਨਾਨਕ ਹਰਿ ਗੁਣ ਗਾਉ ॥
[ਮਲਾਰ ਵਾਰ ਮ: ੫-੧੪

(ੲ) ਆਠ ਪਹਰ ਗੋਵਿੰਦ ਗੁਣ ਗਾਈਐ ਬਿਸਰੁ ਨ ਕੋਈ ਸਾਸਾ ਜੀਉ ॥ [ਮਾਝ ਮ: ੫-੪੭

(ਸ) ਊਠਤ ਬੈਠਤ ਹਰਿ ਹਰਿ ਗਾਈਐ ॥
ਜਿਸੁ ਸਿਮਰਤ ਵਰ ਨਿਹਚਲ ਪਾਈਐ ॥
[ਮਾਝ ਮ: ੫-੫੦

(ਹ) ਹਰਿ ਦਿਨੁ ਰੈਣਿ ਕੀਰਤਨੁ ਗਾਈਐ ॥
ਬਹੁੜਿ ਨ ਜੋਨੀ ਪਾਈਐ ॥ [ਸੋਰਠ ਮ: ੫-੫੯

(ਕ) ਧਨੁ ਧਨੁ ਸਾਧ ਧੰਨੁ ਹਰਿ ਨਾਉ ॥
ਆਠ ਪਹਰ ਕੀਰਤਨੁ ਗੁਣ ਗਾਉ ॥ [ਭੈਰਉ ਮ: ੫-੪੫

(੩) ਤੀਜੇ ਅਖੰਡ ਕੀਰਤਨ ਉਹ ਹੈ ਜਿਵੇਂ ਹੋ ਰਿਹਾ ਹੈ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ।

ਗੁਰਮਤ ਵਿਚ ਕੀਰਤਨ ਸੰਗੀਤ ਆਦਿ ਦੇ ਕਰਤਾ ਸ੍ਰੀ ਗੁਰੂ ਨਾਨਕ ਦੇਵ ਜੀ ਆਪ ਸਨ। ਵੇਈਂ ਨਦੀ ਦੇ ਕੰਢੇ, ਜੰਗਲਾਂ ਵਿਚ ਮਹਾਰਾਜ ਜੀ ਨੇ ਆਪਣਾ ਕੀਰਤਨ ਮਰਦਾਨੇ ਨੂੰ ਬਖਸ਼ਿਆ। ਉਸ ਵਕਤ ਤੋਂ ਲੈ ਕੇ ਜਦ ਵੀ ਧੁਰ ਕੀ ਬਾਣੀ


www.AKJ.Org

# ਏ ਦੁਇ ਨੈਨਾ ਮਤਿ ਛੁਹਉ.........

( ਭਾਈ ਮਾਲਿਕ ਸਿੰਘ ਜੀ B.Sc. ਕਾਨ੍ਹਪੁਰ )

ਕਾਗਾ ਕਰੰਗ ਢਢੋਲਿਆ, ਸਗਲਾ ਖਾਇਆ ਮਾਸੁ ॥
ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ ॥ ੯੧ ॥

ਇਹ ਉਪਰੋਕਤ ਸਲੋਕ ਸ੍ਰੀ ਫਰੀਦ ਜੀ ਦਾ ਉਚਾਰਨ ਕੀਤਾ ਹੋਇਆ ਹੈ ਜਿਸ ਦੇ ਸਾਡੇ ਆਮ ਪ੍ਰਚਾਰਕ ਇਹ ਅਰਥ ਕਰਦੇ ਹਨ ਕਿ 'ਫਰੀਦ ਜੀ ਦਾ ਸ਼ਰੀਰ ਕਾਗਾਂ ਨੇ ਕਰੰਗ ਬਨਾ ਦਿਤਾ ਅਤੇ ਜਦ ਕਾਗਾਂ ਨੇ ਫ਼ਰੀਦ ਜੀ ਦੀਆਂ ਅਖਾਂ ਉਤੇ ਵਾਰ ਕਰਨਾ ਸ਼ੁਰੂ ਕੀਤਾ ਤਾਂ ਫਰੀਦ ਜੀ ਨੇ ਜੋਦੜੀ ਭਰੇ ਇਹ ਚੰਦਕੂ ਸ਼ਬਦ ਕਾਗਾਂ ਨੂੰ ਕਰਦੇ ਹੋਇ ਕਿਹਾ ਕਿ ਅਜੇ ਮੇਰੇ ਅੰਦਰ ਪ੍ਰਭ ਦਰਸ਼ਨ ਦੀ ਆਸ ਲਗੀ ਹੈ ਇਸ ਲਈ ਤੁਸੀਂ ਮੇਰੀਆਂ ਅਖਾਂ ਨੂੰ ਨ ਛੂਓ ॥''

ਸ੍ਰੀ ਫਰੀਦ ਜੀ ਦੇ ਇਸ ਸਲੋਕ ਦੇ ਐਸੇ ਅਰਥ ਸੁਣ ਪੜ੍ਹ ਕੇ ਇਕ ਜਗਿਆਸੂ ਅੰਦਰ ਬਲੇ ਲਿਖ ਸ਼ੰਕੇ ਉਠ ਆਨਾ ਸੁਭਾਵਿਕ ਹੋ ਜਾਂਦਾ ਹੈ—

## ਪਹਿਲੀ ਸ਼ੰਕਾ

ਸ੍ਰੀ ਫਰੀਦ ਜੀ ਦੇ ਐਸੇ ਅਰਥ ਕਰਨਾ ਇਹ ਦਸਦਾ ਹੈ ਕਿ ਸ਼ਰੀਰ ਦੇ ਸਾਰੇ ਅੰਗਾਂ ਨਾਲੋਂ ਅਧਿਕ ਮਹਾਨਤਾ ਰਖਦੀਆਂ ਹਨ ਕਿਉਂਕਿ ਜੋਦੜੀ ਅਖਾਂ ਨੂੰ ਬਚਾਨ ਖਾਤਰ ਕੀਤੀ ਜਾ ਰਹੀ ਹੈ ਨ ਕਿ ਕਿਸੇ ਹੋਰ ਅੰਗ ਨੂੰ। ਇਹ ਤਾਂ ਸਭ ਹੀ ਜਾਨਦੇ ਹਨ ਕਿ ਆਪਨੀ ਅਪਨੀ ਜਗਾਹ ਤੇ ਸਰੀਰ ਦਾ ਹਰ ਅੰਗ ਅਪਨੀ ਅਪਨੀ ਵਿਸ਼ੇਸ਼ਤਾ

---

*ਆਈ, ਮਰਦਾਨੇ ਦੀ ਰਬਾਬ ਵਜਦੀ ਰਹੀ। ਇਹ ਰਬਾਬ, ਗੁਰੂ ਸਾਹਿਬ ਜੀ ਨੇ ਆਪ ਤਿਆਰ ਕਰਵਾਈ ਸੀ। ਜੋ ਰਹੁ ਰੀਤੀ ਗੁਰੂ ਸਾਹਿਬ ਨੇ ਚਲਾਈ ਉਹੋ ਹੀ ਇੰਨ ਬਿੰਨ ਹੁਣ ਭੀ ਚਲਣੀ ਚਾਹੀਦੀ ਹੈ।

ਪਹਿਲੀ ਗਲ—ਅੰਮ੍ਰਿਤ ਵੇਲੇ ਨਿਰੋਲ ਅਖੰਡ ਕੀਰਤਨ ਚਾਹੀਦਾ ਹੈ। ਉਸ ਵਿਚ ਕੋਈ ਹੋਰ ਲਫਜ਼, ਅੱਖਰ ਕੋਈ ਕੱਚਾ ਬੋਲ, ਅਰਥਾਤ ਕੁਝ ਭੀ ਜੋ ਗੁਰਬਾਣੀ ਤੋਂ ਬਾਹਰ ਹੋਵੇ, ਬਿਲਕੁਲ ਨਹੀਂ ਆਉਣਾ ਚਾਹੀਦਾ। ਬਾਣੀ ਦੇ ਅਰਥ ਸਮਝਣ ਜਾਂ ਸਮਝਾਉਣ ਲਈ, ਭਾਵ ਨੂੰ ਸਪਸ਼ਟ ਕਰਨ ਲਈ, ਕਿਸੇ ਸੂਝ ਲਈ ਬਾਕੀ ਦੇ ਸਤ ਪਹਿਰ ਖੁਲੇ ਹਨ, ਜਿਨ੍ਹਾਂ ਵਿਚ 'ਸਤੀ ਪਹਰੀ ਸਤੁ ਭਲਾ ਬਹੀਐ ਪੜਿਆ ਪਾਸਿ' ਦਾ ਹੁਕਮ ਹੈ ਤਾਂ ਜੋ ਨਾਮ ਬਾਣੀ ਦੇ ਵਿਦਵਾਨ, ਗਿਆਨ ਦੇ ਸਕਣ, ਜਿਤਨਾ ਕਿ ਕਿਸੇ ਪ੍ਰਾਣੀ ਨੂੰ ਜਿਸ ਪੱਧਰ ਤੇ ਉਹ ਹੈ, ਉਸ ਨੂੰ ਉਸ ਵਲੇ ਲੋੜ ਹੈ—

"ਮਨ ਸਮਝਾਵਨ ਕਾਰਨੇ ਕਛੂਅਕ ਪੜੀਐ ਗਿਆਨ"
[ਗਉ: ਬਾ: ਅ: ਕਬੀਰ-੫

ਅੰਮ੍ਰਿਤ ਵੇਲਾ ਨਿਸਚਿਤ ਹੈ ਨਿਰੋਲ 'ਸਚੁ ਨਾਉ ਵਡਿਆਈ ਵੀਚਾਰੁ' ਲਈ, ਇਸ ਵੇਲੇ ਹੋਰ ਕਿਸੇ ਬਾਣੀ ਦੀ ਆਗਿਆ ਨਹੀਂ। (ਚਲਦਾ)

www.AKJ.Org

ਰਖਦਾ ਹੈ। ਪਰ ਫ਼ਿਰ ਵੀ ਅਖਾਂ ਨਾਲੋਂ ਜ਼ਿਆਦਾ ਮਹਾਨਤਾ (Importance) ਫੇਫੜੇ, ਦਿਲ, ਦਿਮਾਗ, ਪ੍ਰਾਣਾਂ ਆਦਿ ਦੀ ਹੈ। ਤਾਂ ਤੇ ਐਸੇ ਅਰਥ ਕਰਨਾ ਕਿ ਅਖਾਂ ਬਚੀਆਂ ਰਹਣ, ਗੁਰਮਤਿ ਦੀ ਕਸੌਟੀ ਤੇ ਪੂਰਾ ਨਹੀਂ ਉਤਰਦਾ।

ਫਿਰ ਜੇਹੜਾ ਇਨਸਾਨ ਇਹ ਕਹੇ ਸਕਦਾ ਹੈ ਕਿ 'ਜੋ ਸਿਰ ਸਾਈਂ ਨ ਨਿਵੇ ਸੁ ਸਿਰ ਕਪੁ ਉਤਾਰ' ਕੁਨੇ ਹੇਠ ਜੁਲਾਇ ਆਦਿ ਤਾਂ ਕੀ ਉਹ ਅਖਾਂ ਨੂੰ ਸੁਰਕਿਸ਼ਤ ਰਹਿਣ ਲਈ ਕਾਵਾਂ ਨੂੰ ਤਰਲੇ ਪਾ ਸਕਦਾ ਹੈ। ਬਿਲਕੁਲ ਨਹੀਂ।

## ਦੂਜੀ ਸ਼ੰਕਾ

ਦੂਜੀ ਸ਼ੰਕਾ ਇਹ ਉਠਦੀ ਹੈ ਕਿ ਕੀ ਇਹਨਾਂ ਬਾਹਰੀ ਅਖਾਂ ਦੇ ਬਿਨਾਂ ਪ੍ਰਭੂ ਦਰਸ਼ਨ ਨਹੀਂ ਹੋ ਸਕਦੇ। ਅਗਰ ਥੋੜੀ ਦੇਰ ਲਈ ਇਹ ਗਲ ਠੀਕ ਮਨ ਵੀ ਲਈ ਜਾਏ ਤਾਂ ਫ਼ਿਰ ਇਸ ਖਿਆਲ ਮੁਤਾਬਕ ਨੇਤ੍ਰ ਹੀਨ, ਅੰਧੇ ਇਨਸਾਨਾਂ ਨੂੰ ਤਾਂ ਪ੍ਰਭ ਦਰਸ਼ਨ ਹੋ ਹੀ ਨਹੀਂ ਸਕਦੇ ਅਤੇ ਨੇਤ੍ਰ ਹੀਨ ਦਾ ਵਾਜੇ ਦੀਆਂ ਸੁਰਾਂ ਤੇ ਅਲਾਪ ਅਲਾਪ ਦੇ ਇਹ ਜੋਦੜੀ ਕਰਨਾ ਕਿ 'ਦਰਸਨ ਪਿਆਸੀ ਦਿਨਸੁ ਰਾਤਿ ਚਿਤਵਉ ਅਨਦਿਨੁ ਨੀਤ॥ ਖੋਲਿ ਕਪਟ ਗੁਰਿਮੇਲੀਆ ਨਾਨਕ ਹਰਿ ਸੰਗਿ ਮੀਤ॥ ਯਾ ਇਕ ਭੋਰੀ ਦਰਸਨ ਦੀਜੈ...ਆਦਿ ਬਿਲਕੁਲ ਵਿਅਰਥ ਸਾਬਤ ਹੋ ਜਾਂਦਾ ਹੈ ਪਰ ਐਸਾ ਨਹੀਂ। ਗੁਰਬਾਣੀ ਇਸ ਗਲ ਨੂੰ ਸਿਧ ਕਰ ਦੇਂਦੀ ਹੈ ਕਿ ਨੇਤ੍ਰਹੀਨ ਨੂੰ ਦਰਸ਼ਨ ਹੋਏ ਹਨ ਤੇ ਹੋ ਸਕਦੇ ਹਨ। ਮਸਾਲ ਵਜੋਂ ਭਗਤ ਸੂਰਦਾਸ ਜੀ ਨੇਤ੍ਰਹੀਨ ਸਨ ਪਰ ਉਹਨਾਂ ਨੂੰ ਪ੍ਰਭ ਦਰਸ਼ਨ ਹੋਏ ਸਨ। ਤਾਂਤੇ ਸ੍ਰੀ ਫਰੀਦ ਜੀ ਦੇ ਇਸ ਸਲੋਕ ਦਾ ਇਤਨਾ ਹੀ ਅਰਥ ਕਢ ਲੈਣਾ ਗੁਰਮਤਿ ਦੀ ਕਸੌਟੀ ਤੇ ਠੀਕ ਨਹੀਂ ਉਤਰ ਸਕਦਾ!

## ਤੀਜੀ ਸ਼ੰਕਾ

ਥੋੜੀ ਦੇਰ ਲਈ ਜੇ ਕਰ ਇਹ ਮਨ ਵੀ ਲਿਆ ਜਾਇ ਕਿ ਨੇਤ੍ਰਹੀਨ ਨੂੰ ਪ੍ਰਭ ਦਰਸ਼ਨ ਨਹੀਂ ਹੋਣੇ ਤਾਂ ਫਿਰ ਦੂਜੇ ਪਾਸੇ ਫਰੀਦ ਜੀ ਨੂੰ ਪ੍ਰਭੂ ਦੇ ਸਰਬ ਸ਼ਕਤੀਮਾਨ ਗੁਣ ਤੋਂ ਮੁਨਕਰ ਹੋਣਾ ਸਿਧ ਕੀਤਾ ਜਾ ਸਕਦਾ ਹੈ। ਜਿਸ ਸਰਬ ਸ਼ਕਤੀ ਮਾਨ ਪ੍ਰਭ ਵਿਚ ਮਾਰ ਜਿਵਾਲਨ' 'ਸਤਿਗੁਰ ਮੇਰਾ ਸਰਬ ਪ੍ਰਤਿਪਾਲੇ॥' ਸਤਿਗੁਰ ਮੇਰਾ ਮਾਰ ਜੀਵਾਲੇ ਅਥਵਾ ਪ੍ਰਭੁ ਭਾਵੈ ਬਿਨ ਸਾਸ ਤੇ ਰਾਖੇ ਆਦਿ ਦੀ ਸ਼ਕਤੀ ਹੈ ਕਿ ਉਹ ਪ੍ਰਭ ਅਪਨੇ ਦਰਸ਼ਨ ਦੇਣ ਲਈ ਨੇਤ੍ਰਹੀਨ ਨੂੰ ਨਵੇਂ ਨੇਤ੍ਰ ਨਹੀਂ ਦੇ ਸਕਦਾ। ਫਰੀਦ ਜੀ ਕੀ ਪ੍ਰਭੂ ਨੂੰ ਸਰਬ ਸ਼ਕਤੀ ਮਾਨ ਨਹੀਂ ਸਨ ਮੰਨਦੇ। ਤਾਂਤੇ ਨੇਤ੍ਰਾਂ ਖਾਤਰ ਕਾਗਾਂ ਨੂੰ ਕਾਹਦੇ ਤਰਲੇ ਪਾਨੇ ਸਨ। ਸੋ ਐਸਾ ਨਹੀਂ ਹੈ। ਸ੍ਰੀ ਫਰੀਦ ਜੀ ਨੂੰ ਸਰਬ ਸ਼ਕਤੀ ਮਾਨ ਤੇ ਪੂਰਾ ਭਰੋਸਾ, ਯਕੀਨ ਸੀ।

## ਚਉਥੀ ਸ਼ੰਕਾ

ਗੁਰਬਾਣੀ ਸਪਸ਼ਟ ਕਹਿ ਰਹੀ ਹੈ ਕਿ ਪ੍ਰਭ ਸਾਡੇ ਅੰਦਰ ਹੈ (ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗ ਸਮਾਈ) ਅਤੇ ਫਿਰ ਉਹ ਹੀ ਪ੍ਰਭ ਜ਼ਰੇ ਜ਼ਰੇ ਵਿਚ ਵਿਯਾਪਕ ਹੈ। ਹੁਣ ਪ੍ਰਸ਼ਨ ਇਹ ਉਠਦਾ ਹੈ ਕਿ ਇਹ ਦੋਇ ਅਖਾਂ ਤਾਂ ਅਪਣੇ ਤੋਂ ਬਾਹਰ ਦਾ ਦ੍ਰਿਸ਼ ਹੀ ਦੇਖ ਸਕਦੀਆਂ ਹਨ ਪਰ ਅੰਦਰ ਦਾ ਨਹੀਂ। ਇਹਨਾਂ ਅਖਾਂ ਨਾਲ ਤਾਂ ਅਪਣੇ ਬਾਹਰ ਦੇ ਕਈ ਅੰਗ ਮਥਾ ਰੀੜ ਦੀ ਹਡੀ ਸਿਰ ਆਦਿ ਨੂੰ ਵੀ ਵੇਖਣ ਦੀ ਸ਼ਕਤੀ ਨਹੀਂ ਤਾਂ ਫਿਰ ਅੰਦਰ


www.AKJ.Org

ਆਤਮੇ ਪ੍ਰਭੂ ਨੂੰ ਕਿਸ ਤਰਾਂ ਦੇਖ ਸਕਦੀਆਂ ਹਨ। ਇਸ ਲਈ ਜਦ ਤਕ ਪ੍ਰਭੂ ਨੂੰ ਅਸੀਂ ਪਹਿਲਾਂ ਅੰਦਰ ਆਤਮੇ ਪ੍ਰਗਟ ਨਹੀਂ ਕਰ ਲੈਂਦੇ, ਤਦ ਤਕ ਬਾਹਰਲੇ ਵਾਤਾਵਰਨ ਵਿਚ 'ਸਭੈ ਘਟਿ ਰਾਮ ਬੋਲੈ, ਰਾਮਾ ਬੋਲੈ, ਰਾਮ ਬਿਨਾ ਕੋ ਬੋਲੈ ਰੇ' ਅਥਵਾ ਘਟਿ ਘਟਿ ਮਹਿ ਹਰਿ ਜੂ ਬਸੈ" ਪਰੈਕਟੀਕਲ ਪ੍ਰਤਖ ਰੂਪ ਵਿਚ ਨਹੀਂ ਦੇਖਿਆ ਜਾ ਸਕਦਾ।

ਉਦਾਹਰਣ ਦੇ ਤੌਰ ਤੇ ਜਦ ਅਸੀਂ ਅਭਿਆਸ ਪਾਠ ਆਦਿ ਕਰਦੇ ਹਾਂ ਤਾਂ ਅਖਾਂ ਬੰਦ ਕਰਕੇ ਸਾਰੀਆਂ ਸ਼ਕਤੀਆਂ ਨੂੰ ਕੇਂਦਰਿਤ ਕਰਨ ਦੀ ਕੋਸ਼ਿਸ਼ ਕਰਦੇ ਹਾਂ। ਇਹਨਾ ਨੇਤ੍ਰਾਂ ਨੂੰ ਬੰਦ ਕਰਕੇ ਅੰਦਰੋਂ ਹੀ ਢੂੰਡਨ ਦੀ ਕੋਸ਼ਿਸ਼ ਕਰਦੇ ਹਾਂ।

ਇਸ ਲਈ ਜਦ ਤਕ ਇਹਨਾਂ ਨੇਤ੍ਰਾਂ ਨੇ ਆਪਣੇ ਅੰਦਰ ਬਿਰਾਜਮਾਨ ਹੋਇ ਪ੍ਰਭੂ ਨੂੰ ਨਹੀਂ ਦੇਖ ਲੈਣਾ ਤਦ ਤਕ ਗੱਲ ਬਣਨੀ ਨਹੀਂ। ਇਸ ਲਈ ਸ੍ਰੀ ਫਰੀਦ ਜੀ ਦਾ ਕਾਗਾਂ ਨੂੰ ਤਰਲੇ ਪਾਣਾ ਕੁਝ ਮਤਲਬ ਨਹੀਂ ਰਖਦਾ।

## ਪੰਜਵੀਂ ਸ਼ੰਕਾ

ਗੁਰਬਾਣੀ ਦੀ ਇਸ ਪਕਤੀ "ਨਾਮ ਜਪਤ ਕੋਟਿ ਸੂਰ ਉਜਿਆਰਾ" ਮੁਤਾਬਕ ਨਾਮ ਜਪਨ ਅੰਤਰ ਆਤਮੇ ਕੋਟ ਸੂਰਜ ਉਜਿਆਰਾ ਪ੍ਰਗਟ ਹੋ ਜਾਂਦਾ ਹੈ। ਇਹ ਅਖਾਂ ਜੋ ਇਕ ਸੂਰਜ ਦੀ ਰੋਸ਼ਨੀ ਅਗੇ ਝੁੰਝਲਾ ਜਾਂਦੀਆਂ ਹਨ, ਤੇਜ ਨੂੰ ਬਰਦਾਸ਼ਤ ਨਹੀਂ ਕਰ ਸਕਦੀਆਂ, ਤਾਂ ਕੀ ਫਿਰ ਇਹ ਕ੍ਰੋੜਾਂ ਸੂਰਜਾਂ ਦੇ ਪ੍ਰਕਾਸ਼ ਨੂੰ ਸਹਿਨ ਕਰ ਸਕਨਗੀਆਂ। ਨਹੀਂ।

## ਛੇਵੀਂ ਸ਼ੰਕਾ

ਧਨ ਗੁਰੂ ਨਾਨਕ ਸਾਹਿਬ ਨੇ ਤਾਂ ਇਥੋਂ ਤਕ ਕਿਹਾ ਹੈ ਕਿ ਹੇ ਮੇਰੇ ਨੇਤ੍ਰੋ ਜਦ ਤਕ ਤੁਸੀਂ ਇਸ ਸੰਸਾਰ ਨੂੰ ਹਰਿ ਦਾ ਰੂਪ ਕਰ ਕੇ ਦੇਖਣਾ ਹੈ ਤਦ ਤਕ ਤੁਸੀਂ ਮੇਰੇ ਨਾਲ ਲਗੀਆਂ ਰਹੋ। ਪਰ ਜਦੋਂ ਤੁਸੀਂ ਹਰਿ ਤੋਂ ਸਿਵਾਇ ਕਿਸੇ ਹੋਰ ਨੂੰ ਦੇਖਣਾ ਸ਼ੁਰੂ ਕਰ ਦਿਤਾ ਤਾਂ ਨਾਨਕ ਨੇ ਇਹਨਾਂ ਨੇਤ੍ਰਾਂ ਨੂੰ ਕਢਿ ਦੇਣਾ ਹੈ। ਨਾਨਕ ਨੂੰ ਐਸੇ ਨੇਤ੍ਰਾਂ ਦੀ ਲੋੜ ਨਹੀਂ। ਗੁਰਪ੍ਰਮਾਣ—

ਅਖੀ ਪ੍ਰੇਮਿ ਕਸਾਈਆ ਹਰਿ ਹਰਿ ਨਾਮੁ ਪਿਖੰਨਿ ॥
ਜੇਕਰਿ ਦੂਜਾ ਦੇਖਦੇ ਜਨ ਨਾਨਕ ਕਢਿ ਦਿਚੰਨਿ ॥

ਹੁਣ ਸੋਚਣ ਵਾਲੀ ਗਲ ਇਹ ਹੈ ਕਿ ਇਹਨਾਂ ਨੇਤ੍ਰਾਂ ਰਾਹੀਂ ਹੀ ਜੇ ਕਰ ਪ੍ਰਭੂ ਦਰਸ਼ਨ ਹੋਣੇ ਹੁੰਦੇ ਤਾਂ ਧੰਨ ਗੁਰੂ ਨਾਨਕ ਸਾਹਿਬ ਸਰੀਰ ਤੋਂ ਅਲਗ ਕਰ ਦੇਣ ਦਾ ਡਰ ਯਾ ਧਮਕੀ ਨ ਦੇਂਦੇ। ਜੇਕਰ ਇਹਨਾਂ ਨੇਤ੍ਰਾਂ ਦੀ ਇਤਨੀ ਮਹਾਨਤਾ ਹੋਂਦੀ ਤਾਂ ਗੁਰੂ ਨਾਨਕ ਸਾਹਿਬ ਐਸਾ ਨ ਕਹਿੰਦੇ।

## ਪ੍ਰਭੂ ਦਰਸ਼ਨ ਕੇਹੜੀਆਂ ਅਖਾਂ ਨੇ ਕਰਨਾ ਹੈ

ਪਿਛੇ ਦਿਤੀਆਂ ਦਲੀਲਾਂ ਅਨੁਸਾਰ ਜੈਸਾ ਕਿ ਸਿਧ ਹੋ ਚੁਕਾ ਹੈ ਕਿ ਇਹਨਾਂ ਬਾਹਰੀ ਅਖਾਂ ਨੇ ਪ੍ਰਭ ਦਰਸ਼ਨ ਨਹੀਂ ਕਰਨੇ ਤਾਂ ਹੁਣ ਸਵਾਲ ਪੈਦਾ ਹੋਂਦਾ ਹੈ ਕਿ ਉਹ ਅਖਾਂ ਕੇਹੜੀਆਂ ਹਨ ਜਿਹਨਾਂ ਨੇ 'ਨਾਮ ਜਪਤ ਕੋਟਿ ਸੂਰ ਉਜਿਆਰਾ' ਅਤੇ ਪ੍ਰਭ ਦਰਸ਼ਨ ਦਿਦਾਰ ਕਰਨੇ ਹਨ। ਉਪਰੋਕਤ ਸ਼ੰਕਿਆਂ ਦਾ ਹਲ ਲਭਣਾ ਕੋਈ ਅਉਖਾ ਨਹੀਂ। ਅਗਰ ਗੁਰਬਾਣੀ ਨੂੰ ਥੋੜੇ ਗੌਰ ਨਾਲ ਵਿਚਾਰਿਆ ਜਾਏ ਤਾਂ ਸਭ ਸ਼ੰਕਿਆਂ ਦਾ ਹਲ ਗੁਰਬਾਣੀ ਵਿਚੋਂ ਹੀ ਮਿਲ ਜਾਂਦਾ ਹੈ। ਯਥਾ ਗੁਰਵਾਕ ਹੈ:—

ਨਾਨਕ ਸੇ ਅਖੜੀਆਂ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ ॥


www.AKJ.org

ਇਸ ਪੰਕਤੀ 'ਚ ਕੋਈ ਵਲ ਛਲ ਨਹੀਂ। ਸਿਧਾ ਅਤੇ ਸਪਸ਼ਟ ਅਰਥ ਹੈ ਕਿ ਉਹ ਅਖੀਆਂ ਹੋਰ ਹਨ ਜਿਹਨਾਂ ਨੇ ਪ੍ਰਭੂ ਦਰਸ਼ਨ ਕਰਣੇ ਹਨ। ਉਹਨਾਂ ਦਰਸ਼ਨ ਕਰਨ ਵਾਲੀਆਂ ਅਖਾਂ ਦਾ ਨਾਮ ਹੈ 'ਗਿਆਨ ਨੇਤ੍ਰ' ਜੋ ਪ੍ਰਭ ਕ੍ਰਿਪਾ ਕਰ ਕੇ ਖੁਲਦੇ ਹਨ। ਇਹਨਾਂ ਨੇਤ੍ਰਾਂ ਵਿਚ ਹੀ ਨਾਮ ਜਪਤ ਕੋਟਿ ਸੂਰ ਉਜਿਆਰਾ ਬਰਦਾਸ਼ਤ ਕਰਨ ਦੀ ਤਾਕਤ ਹੈ। ਜਦ ਇਹ ਨੇਤ੍ਰ ਖੁਲ ਜਾਂਦੇ ਹਨ ਤਾਂ ਫਿਰ ਬਾਹਰੀ ਨੇਤ੍ਰਾਂ ਨਾਲ ਵੀ 'ਘਟਿ ਘਟਿ ਮਹਿ ਹਰਿ ਜੂ ਬਸੈ' ਪ੍ਰਤਖ ਰੂਪ ਤੇ ਦਿਸਨ ਲਗ ਪੈਂਦਾ ਹੈ। ਤਿਰਭਵਨ ਸੋਝੀ, ਅਗੰਮ ਨਿਗਮ ਦੀ ਸੋਝੀ ਪੈ ਜਾਂਦੀ ਹੈ। ਯਥਾ ਗੁਰਵਾਕ—

ਏਨੀ ਨੇਤ੍ਰੀ ਨਦਰ ਨ ਆਵਈ ਜਿਚਰ ਸਬਦ ਨ ਕਰੇ ਵਿਚਾਰੁ ॥

ਜਦ ਅਭਿਆਸੀ ਜਨ ਦਸਮ ਦੁਆਰ, ਅਨਹਦ ਸ਼ਬਦ ਦੀ ਖੇਡ ਨੂੰ ਦੇਖਦਾ ਹੈ ਯਾ ਸਮਾਧੀ ਲਗਾ ਕੇ ਅਕਾਲ ਪੁਰਖ ਦੇ ਨਿਵਾਸ ਸਥਾਨ 'ਸਚਖੰਡ ਵਸੈ ਨਿਰੰਕਾਰ' ਜਾ ਪਹੁੰਚਦਾ ਹੈ ਤਾਂ ਇਹ ਸਰੀਰ ਤਾਂ ਇਥੇ ਹੀ ਪਿਆ ਰਹਿੰਦਾ ਹੈ। ਜਦ ਪੰਜ ਭੂਤਕ ਸ਼ਰੀਰ ਇਥੇ ਹੀ ਰਹਿੰਦਾ ਹੈ ਤਾਂ ਕੀ ਇਹ ਅੱਖਾਂ (ਬਾਹਰੀ) ਨਾਲ ਜਾਂਦੀਆਂ ਹਨ। ਉਤਰ ਨਹੀਂ ਵਿਚ ਹੀ ਹੋਵੇਗਾ।

ਤਾਂ ਤੇ ਉਪਰੋਕਤ ਵਿਚਾਰ ਅਨੁਸਾਰ ਇਹ ਕਹਿਣਾ ਹੀ ਪਵੇਗਾ ਕਿ ਫਰੀਦ ਜੀ ਦਾ ਇਹ ਸਲੋਕ 'ਏ ਦੋਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ' ਦਾ ਸੰਕੇਤ ਗਿਆਨ ਨੇਤ੍ਰਾਂ ਵਲ ਹੈ ਨ ਕਿ ਸਰੀਰ ਦੀਆਂ ਉਹਨਾਂ ਬਾਹਰੀ ਅੱਖਾਂ ਨਾਲ।

## ਗੁਰਬਾਣੀ ਅੰਧਾ ਕਿਸਨੂੰ ਮੰਨਦੀ ਹੈ

ਅੰਧੇ ਏਹਿ ਨ ਆਖੀਅਨਿ ਜਿਨ ਮੁਖਿ ਲੋਇਣ ਨਾਹਿ ॥
ਅੰਧੇ ਸੇਈ ਨਾਨਕਾ ਜਿ ਖਸਮਹੁ ਘੁਥੇ ਜਾਹਿ ॥
ਮਨਮੁਖ ਅੰਧਾ ਆਵੈ ਜਾਇ ॥

ਗੁਰਬਾਣੀ ਇਹਨਾਂ ਬਾਹਰੀ ਨੇਤ੍ਰਹੀਨਾਂ ਨੂੰ ਅੰਧਾ ਨਹੀਂ ਮੰਨਦੀ। ਵਯਾਵਾਰਕ ਤੌਰ ਤੇ ਉਹ ਬੇਸ਼ਕ ਅੰਧੇ ਹਨ ਪਰ ਪ੍ਰਮਾਰਥੀ ਤੌਰ ਤੇ ਗੁਰਬਾਣੀ ਉਸ ਨੂੰ ਅੰਧਾ ਮੰਨਦੀ ਹੈ ਜਿਸ ਪਾਸ ਗਿਆਨ ਨੇਤ੍ਰ ਨਹੀਂ ਹਨ। ਮਨਮੁਖ ਇਨਸਾਨ ਨੇਤ੍ਰ ਵਾਲਾ ਹੁੰਦਾ ਹੋਇਆ ਵੀ ਗੁਰੂ ਸਾਹਿਬਾਂ ਦੀ ਦ੍ਰਿਸ਼ਟੀ ਵਿਚ ਅੰਧਾ ਹੈ ਐਸੇ ਅੰਧਿਆਂ ਨੂੰ ਦੇਖੋ ਭਗਤ ਕਬੀਰ ਜੀ ਕਿਸ ਤਰ੍ਹਾਂ ਨਾਲ ਅੰਧੇ ਦੀ ਪਦਵੀ ਦੇ ਕੇ ਜਾਗਨ ਦਾ ਹਲੂਣਾ ਦੇ ਰਹੇ ਹਨ :—

ਕਬੀਰਾ ਮਾਰਗ ਮੋਤੀ ਬੀਥਰੇ ਅੰਧਾ ਨਿਕਸਿਓ ਆਇ ॥
ਜੋਤਿ ਬਿਨਾ ਜਗਦੀਸ ਕੀ ਜਗਤ ਉਲੰਘੇ ਜਾਇ ॥

ਇਕ ਜਗ੍ਹਾ ਤਾਂ ਸਤਿਗੁਰੂ ਜੀ ਨੇ ਅੰਧੇ ਦੀ ਪਰਿਭਾਸ਼ਾ ਕਰਦੇ ਹੱਦ ਹੀ ਕਰ ਦਿਤੀ ਹੈ:—

ਮਾਇਆ ਧਾਰੀ ਅਤਿ ਅੰਨਾ ਬੋਲਾ ॥
ਸਬਦ ਨ ਸੁਣਈ ਬਹੁ ਰੋਲ ਘਚੋਲਾ ॥

ਸੋ ਇਹ ਹੈ ਸਤਿਗੁਰੂ ਜੀ ਦੀ ਦ੍ਰਿਸ਼ਟੀ ਵਿਚ ਅੰਧੇ,ਨੇਤ੍ਰਹੀਨ ਦੀ ਵਿਆਖਿਆ ਅਥਵਾ ਪ੍ਰਿਭਾਸ਼ਾ।

## ਕਾਗਾਂ ਦਾ ਭਾਵ

ਗੁਰਬਾਣੀ ਵਿਖੇ ਕਾਗ(ਕਾਵਾਂ) ਦਾ ਉਦਾਹਰਣ ਕਈ ਥਾਂ ਤੇ ਆਉਂਦਾ ਹੈ। ਕਾਗ ਜਿਥੇ ਇਕ ਬਹੁਤ ਵਡਾ ਗੁਣ ਇਹ ਰਖਦਾ ਹੈ ਕਿ ਇਸ ਦੀ ਦ੍ਰਿਸ਼ਟੀ ਬਹੁਤ ਤੇਜ਼ ਹੋਂਦੀ ਹੈ ਪਰ ਉਥੇ ਉਸਦੀ ਗੰਦੀ ਖੁਰਾਕ ਅਤੇ ਰੰਗ ਕਾਲਾ ਸਿਆਹ ਹੋਣ ਕਰ ਕੇ ਇਨਸਾਨ ਨੂੰ ਬੁਰਾਈਆਂ ਤੋਂ ਬਚਣ ਲਈ ਪ੍ਰੇਰਨਾ ਦੇਣ ਲਈ ਇਸ ਦੇ ਅਉਗੁਣ ਨੂੰ ਅਗਾਂਹ ਕੀਤਾ ਗਿਆ ਹੈ। ਉਦਾਹਰਣ :—

ਬਗੁਲਾ ਕਾਗ ਨੀਚ ਕੀ ਸੰਗਤਿ ਜਾਇ ਕਰੰਗ ਬਿਖੂ ਮੁਖ ਲਾਈਐ ॥
ਨਾਨਕ ਮੇਲਿ ਮੇਲਿ ਪ੍ਰਭੁ ਸੰਗਤਿ, ਮਿਲਿ ਸੰਗਤਿ ਹੰਸ ਕਰਾਈਐ ॥

www.AKJ.Org

ਇਸ ਪੰਕਤੀ ਰਾਹੀਂ ਪ੍ਰਭੂ ਅਗੇ ਜੋਦੜੀ ਕੀਤੀ ਗਈ ਹੈ ਕਿ ਹੇ ਪ੍ਰਭੂ ਸਾਡੀ ਸੰਗਤ ਕਾਗਾਂ, ਬਗੁਲਿਆਂ ਜੇਹੇ ਇਨਸਾਨਾਂ ਨਾਲ ਹੈ। ਅਰਥਾਤ ਸਾਡਾ ਬੈਠਨਾ, ਉਠਣਾ, ਕਾਰ ਵਿਹਾਰ ਕਾਗਾਂ ਦੀ ਤਰ੍ਹਾਂ ਮਲਭਖੀ, ਹੋਛੀ ਖੁਰਾਕ ਖਾਣ ਵਾਲਿਆਂ ਨਾਲ ਹੈ। ਅਰਥਾਤ ਸਾਡੀ ਸੰਗਤ ਰਸਿਕ ਪੁਰਸ਼ਾਂ ਨਾਲ ਹੈ ਜੋ ਰਸਾ ਕਸਾਂ ਪਿਛੇ ਲਗ ਮਾਨਸਕ ਤੌਰ ਤੇ ਬੁਰਾਈਆਂ ਨਾਲ ਘਿਰੇ ਪਏ ਹਨ, ਸੋ ਕਾਗਾਂ ਤੋਂ ਭਾਵ ਮਾਨਸਕ ਬੁਰਾਈਆਂ ਨਾਲ ਹੈ।

ਅਗਰ ਗੁਰਬਾਣੀ ਵਿਚ ਆਏ ਅਲੰਕਾਰਾਂ ਤੇ ਝਾਤੀ ਮਾਰੀ ਜਾਏ ਤਾਂ ਇਹ ਗਲ ਸਪਸ਼ਟ ਹੈ ਕਿ ਗੁਰਬਾਣੀ ਅੰਦਰ ਪ੍ਰਚਲਤ ਸਿਧੇ ਸਾਦੇ ਮੁਹਾਵਰੇ ਬਹੁਤ ਹਨ ਪਰ ਉਹਨਾਂ ਦਾ ਅੰਤਰੀਵੀਂ ਭਾਵ ਬਹੁਤ ਡੂੰਘਾ ਹੈ। ਉਦਾਹਰਣ ਦੇ ਤੌਰ ਤੇ ਥਲੇ ਦੋ ਪੰਕਤੀਆਂ ਦਿਤੀਆਂ ਜਾ ਰਹੀਆਂ ਹਨ ਜਿਨ੍ਹਾਂ ਤੋਂ ਕਾਗਾਂ ਦੇ ਭਾਵ ਨੂੰ ਸਮਝਣ ਵਿਚ ਮਦਦ ਮਿਲੇਗੀ।

ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਮਛੁਲੀ ਨੀਰ ॥

ਇਸ ਪੰਕਤੀ ਵਿਚ ਮਛਲੀ ਦੀ ਤਰਾਂ ਪ੍ਰੀਤ ਕਰਨ ਦੀ ਪ੍ਰੇਰਨਾ ਦਿਤੀ ਗਈ ਹੈ, ਪਰ ਇਸ ਦਾ ਇਹ ਭਾਵ ਨਹੀਂ ਕਿ ਮਛੀ ਦੀ ਤਰਾਂ ਪਾਣੀ ਵਿਚ ਹੀ ਵੜੇ ਰਹਿਣਾ ਹੈ। ਸਗੋਂ ਇਸਦਾ ਅੰਤਰੀਵੀ ਭਾਵ ਹੈ ਕਿ ਜਿਸ ਤਰ੍ਹਾਂ ਮਛਲੀ ਪਾਣੀ ਦੇ ਬਿਨਾਂ ਤੜਪ ਤੜਪ ਕੇ ਪ੍ਰਾਣ ਦੇ ਦੇਂਦੀ ਹੈ। ਹੇ ਇਨਸਾਨ ਤੈਨੂੰ ਵੀ ਪ੍ਰਭ ਨਾਲ ਇਤਨਾ ਪਿਆਰ ਕਰਨਾ ਚਾਹੀਦਾ ਹੈ ਕਿ ਇਕ ਖਿਨ ਮਾਤ੍ਰ ਦਾ ਪ੍ਰਭ ਵਿਛੋੜਾ ਤੈਥੋਂ ਸਿਹਾ ਨ ਜਾ ਸਕੇ।

ਰਾਮ ਜਪਹੁ ਜੀ ਐਸੇ ਐਸੇ ॥ ਧ੍ਰੂ ਪ੍ਰਹਿਲਾਦ ਜਪਿਓ ਹਰਿ ਜੈਸੇ ॥

ਇਸ ਦਾ ਸਪਸ਼ਟ ਭਾਵ ਹੈ ਕਿ ਉਹ ਪ੍ਰਭ ਨਾਮ ਜੋ ਧਰੂ ਅਤੇ ਪ੍ਰਹਿਲਾਦ ਨੇ ਜਪਿਆ ਸੀ ਉਹ ਨਹੀਂ ਜਪਣਾ ਸਗੋਂ ਜਿਸ ਲਗਨ ਨਾਲ, ਜਿਸ ਤੜਪ ਨਾਲ, ਜਿਸ ਛੋਟੀ ਅਵਸਥਾ ਤੋਂ ਹੀ, ਜਿਸ ਪ੍ਰੀਤਿ ਨਾਲ, ਧਰੂ ਅਤੇ ਪ੍ਰਹਿਲਾਦ ਨੇ ਨਾਮ ਜਪਿਆ ਸੀ ਉਸੇ ਤਰਾਂ ਤੂੰ ਵੀ ਪ੍ਰਭ ਸਿਮਰਨ ਕਰ ਨ ਕਿ ਧਰੂ ਅਤੇ ਪ੍ਰਹਿਲਾਦ ਦੀ ਤਰਾਂ ਗ੍ਰਹਸਤ ਛਡ ਕੇ ਜੰਗਲ-ਸਨਿਆਸ ਧਾਰਨ ਕਰ। ਐਸਾ ਨਹੀਂ।

ਸੋ ਕਾਗਾਂ ਤੋਂ ਭਾਵ ਲੈਣਾ ਹੈ ਬੁਰਾਈਆਂ ਦਾ।

## ਸਗਲਾ ਖਾਇਓ ਮਾਸ ਤੋਂ ਭਾਵ

ਅਗਰ ਗੌਰ ਨਾਲ ਵਿਚਾਰਿਆ ਜਾਇ ਤਾਂ ਪਤਾ ਲਗੇਗਾ ਕਿ ਜਿਤਨਾ ਮਾਨਸਕ ਰੋਗਾਂ ਨੇ ਇਨਸਾਨ ਨੂੰ ਘੇਰਿਆ ਹੋਇਆ ਹੈ ਉਤਨਾ ਸ਼ਰੀਰਕ ਰੋਗਾਂ ਨੇ ਨਹੀਂ। ਸਗੋਂ ਸਰੀਰਕ ਰੋਗ ਵੀ ਮਾਨਸਕ ਰੋਗਾਂ ਤੋਂ ਪੈਦਾ ਹੋਂਦੇ ਹਨ। ਜਿਸ ਤਰਾਂ ਸਰੀਰ ਦੇ ਰੋਗਾਂ ਦੇ ਅਨੇਕਾਂ ਨਾਮ ਹਨ—ਟੀ.ਬੀ., ਹੈਜ਼ਾ, ਚੇਚਕ, ਪਲੇਗ, ਮਲੇਰੀਆ, ਕੈਨਸਰ... ਆਦਿ ਇਸੇ ਤਰੀਕੇ ਨਾਲ ਮਾਨਸਕ ਰੋਗਾਂ ਦੇ ਨਾਮ ਇਸਤਰਾਂ ਹਨ:—ਕਾਮ, ਕ੍ਰੋਧ, ਲੋਭ, ਮੋਹ, ਝੂਠ, ਨਿੰਦਾ, ਚੁਗਲੀ, ਬਖੀਲੀ, ਈਰਖਾ ਦ੍ਵੈਸ਼, ਤ੍ਰਿਸ਼ਨਾ, ਅਹੰਕਾਰ, ਚਿੰਤਾ, ਆਦਿ।

ਤਨ ਦੇ ਰੋਗਾਂ ਲਈ ਬੜੇ ਹਸਪਤਾਲ ਹਨ ਤੇ ਹਰ ਕੋਈ ਅਰੋਗ ਹੋਣ ਲਈ ਕੋਸ਼ਿਸ਼ ਕਰਦਾ ਹੈ ਪਰ ਮਨ ਦੇ ਰੋਗਾਂ ਵਲ ਕੋਈ ਗੁਰਮੁਖ ਜਗਿਆਸੂ ਹੀ ਧਿਆਨ ਦੇ ਰਿਹਾ ਹੈ ਸਚੇ ਹਸਪਤਾਲ 'ਗੁਰਦੁਆਰੇ ਧਰਮਸਾਲ ਜਾ ਕੇ ਸਚੇ ਵੈਦ-ਗੁਰੂ ਪਾਸੋਂ ਇਹਨ ਰੋਗਾਂ ਦਾ ਇਲਾਜ ਕਰਵਾਂਦਾ ਹੈ।'

ਚਿੰਤਾ ਦਾ ਰੋਗ ਹੀ ਲਉ। ਕੀ ਚਿੰਤਾ ਜ਼ਿ ਆਦਮੀ ਨੂੰ ਸਾੜ ਕੇ ਸਵਾਹ ਨਹੀਂ ਕਰ ਦੇਂਦੀ


www.AKJ.Org

ਸਰੀਰ ਨੂੰ ਪਿੰਜਰ ਨਹੀਂ ਕਰ ਦੇਂਦੀ। ਹੱਡੀਆਂ ਦਾ ਢਾਂਚਾ ਨਹੀਂ ਕਰ ਦੇਂਦੀ। ਇਸੇ ਲਈ ਚਿੰਤਾ ਨੂੰ ਚਿਤਾ ਤੋਂ ਵਡਾ ਕਿਹਾ ਗਿਆ ਹੈ ਕਿਉਂਕਿ ਚਿਤਾ ਤਾਂ ਮੁਰਦੇ ਨੂੰ ਸਾੜਦੀ ਹੈ ਪਰ ਚਿੰਤਾ ਤਾਂ ਜੀਂਦੇ ਨੂੰ ਸਾੜਕੇ ਸਵਾਹ ਕਰ ਦੇਂਦੀ ਹੈ।

ਹੁਣ ਜ਼ਰਾ ਕਾਮ ਰੋਗ ਵਲ ਦੇਖੋ। ਕੀ ਕਾਮ ਕੋਈ ਛੋਟਾ ਰੋਗ ਹੈ। ਗੁਰਬਾਣੀ ਪ੍ਰਮਾਣ ਹੈ 'ਕਾਮ ਕ੍ਰੋਧ ਕਾਇਆ ਕੋ ਗਾਲੇ ਜਿਉਂ ਕੰਚਨ ਸੁਹਾਗਾ ਢਾਲੇ ॥' ਅਰਥ ਸਪਸ਼ਟ ਹੈ ਕਿ ਕਾਮ ਅਤੇ ਕ੍ਰੋਧ ਇਤਨੇ ਵਡੇ ਮਾਨਸਕ ਰੋਗ ਹਨ ਕਿ ਸਰੀਰ ਦੀ ਚਰਬੀ ਨੂੰ ਪਿਘਲਾ ਕੇ ਨਸ਼ਟ ਕਰ ਦੇਂਦੇ ਹਨ ਅਤੇ ਤਨ ਪਿੰਜਰ ਹਡੀਆਂ ਦਾ ਇਕ ਢਾਂਚਾ ਹੀ ਰਹਿ ਜਾਂਦਾ ਹੈ। ਅਸਲੀਅਤ ਵਿਚ ਉਹ ਇਨਸਾਨ ਮੁਰਦਾ ਹੀ ਬਣ ਚੁਕਿਆ ਹੋਂਦਾ ਹੈ ਅਤੇ ਉਸਦਾ ਸਵਾਸ ਚਲਦੇ ਰਹਿਣਾ ਇੰਝ ਹੀ ਹੈ ਜਿਵੇਂ ਲੁਹਾਰ ਦੀ ਚਮੜੇ ਦੀ ਧੌਂਕਨੀ ਵਿਚੋਂ ਸਵਾਸਾਂ ਦਾ ਨਿਕਲਣਾ ਹੈ।

ਤਾਂ ਤੇ ਉਪਰੋਕਤ ਪ੍ਰਮਾਣਾਂ ਤੋਂ ਇਹ ਸਪਸ਼ਟ ਕਿਹਾ ਜਾ ਸਕਦਾ ਹੈ ਕਿ ਸ੍ਰੀ ਫ਼ਰੀਦ ਜੀ ਦਾ 'ਕਾਗਾਂ ਕਰੰਗ ਢੰਢੋਲਿਆ ਸਗਲਾ ਖਾਇਆ ਮਾਸੁ' ਤੋਂ ਭਾਵ ਹੈ ਕਿ ਕਾਗਾਂ ਅਰਥਾਤ ਬੁਰਾਈਆਂ, ਅਵਗੁਣਾਂ ਨੇ ਸਰੀਰ ਦਾ ਸਾਰਾ ਮਾਸ ਸੁਕਾ ਕੇ ਪਿੰਜਰ ਕਰ ਦਿਤਾ ਹੋਏ ਤੇ ਹੁਣ ਉਹ ਇਹਨਾਂ ਅਵਗੁਣਾਂ (ਮਾਨਸਕ ਰੋਗਾਂ) ਨੂੰ ਸੰਕੇਤ ਕਰਕੇ ਕਹਿ ਰਹੇ ਹੋਣ ਕਿ ਤੁਸੀਂ ਮੇਰਾ ਖਹਿੜਾ ਛਡੋ। ਇਹ ਰੋਗ ਕੋਈ ਵੀ ਹੋ ਸਕਦਾ ਹੈ—ਚਿੰਤਾ ਅਥਵਾ ਹੋਰ ਕੋਈ। ਰਬ ਨੂੰ ਮਿਲਣ ਦੀ ਚਿੰਤਾ ਵੀ ਤਾਂ ਇਕ ਰੋਗ ਹੀ ਹੈ ਤੇ ਇਸ ਰੋਗ ਦੇ ਅਧੀਨ ਵੀ ਇਨਸਾਨ ਕਮਜ਼ੋਰ ਹੋ ਜਾਂਦਾ ਹੈ। ਅਤੇ 'ਏ ਦੁਇ ਨੈਨਾ' ਤੋਂ ਭਾਵ ਹੈ ਗਿਆਨ ਨੇਤ੍ਰ।

## ਅੰਤਕਾ

ਇਹ ਚੰਦ ਕੁ ਸ਼ੰਕੇ, ਇਕ ਉਘੇ ਰਾਗੀ ਜੀ ਦੁਆਰਾ ਸੰਗਤ ਵਿਚ ਇਸ ਤਰੀਕੇ ਨਾਲ ਅਰਥ ਕਰਦੇ ਸੁਣਨ ਤੋਂ ਪੈਦਾ ਹੋਏ ਅਤੇ ਗੁਰਬਾਣੀ ਦੀ ਵਿਚਾਰ ਬਲੇ ਕੁਝਕੁ ਖਿਆਲਾਤ ਲਿਖਣ ਦਾ ਯਤਨ ਕੀਤਾ ਗਿਆ ਹੈ। ਵੈਸੇ ਸਤਿਗੁਰ ਜਾਣੀ ਜਾਣ ਹੀ ਇਤਨੀ ਉਚ ਧੁਰ ਦਰਗਾਹ ਦੀ ਬਾਣੀ ਦੇ ਅਰਥਾਂ, ਭੇਦਾਂ ਨੂੰ ਜਾਣ ਸਕਦਾ ਹੈ।

———

# ਬਸੀ ਪਠਾਣਾਂ ਵਿਖੇ ਭਾਰੀ ਗੁਰਮਤਿ ਸਮਾਗਮ

ਭਾਈ ਸਾਹਿਬ ਭਾਈ ਜੁਵਾਲਾ ਸਿੰਘ ਜੀ ਦੀ ਅਠਾਰ੍ਹਵੀਂ ਸਾਲਾਨਾ ਬਰਸੀ ਦੀ ਯਾਦ ਵਿਚ ਇਸ ਵਾਰੀ ਵੀ ਗੁਰਮਤਿ ਸਮਾਗਮ ਮਨਾਇਆ ਜਾ ਰਿਹਾ ਹੈ। ਸਰਬਤ ਕੀਰਤਨੀ ਭੌਰਿਆਂ ਦੇ ਚਰਨਾਂ ਵਿਚ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਕੀਰਤਨ ਸਮਾਗਮ ਤੇ ਗੂੰਜਾਂ ਪਾਉ ਅਤੇ ਦਰਸ਼ਨ ਦਿਉ। ਆਪ ਦੇ ਅਤੀ ਧੰਨਵਾਦੀ ਹੋਵਾਂਗੇ।

## ✢ ਪਰੋਗਰਾਮ ✢

11-7-68 ਵੀਰਵਾਰ ਅੰਮ੍ਰਿਤ ਵੇਲੇ ਕੀਰਤਨ ਆਸਾ ਜੀ ਦੀ ਵਾਰ ਉਪ੍ਰੰਤ ਅਰੰਭ ਸ੍ਰੀ ਅਖੰਡ ਪਾਠ।

13-7-68 ਛਨੀਚਰਵਾਰ ਭੋਗ ਸ੍ਰੀ ਅਖੰਡ ਪਾਠ ਸਵੇਰੇ 5 ਵਜੇ ਉਪਰੰਤ ਕੀਰਤਨ ਆਸਾ ਜੀ ਦੀ ਵਾਰ ਚਲ ਸੋ ਚਲ। ਰਾਤ 9 ਵਜੇ ਅਰੰਭ ਰੈਣ ਸਬਾਈ। 14-7-68 ਨੂੰ ਸਾਰੀ ਸਮਾਪਤੀ ਸਵੇਰੇ 9 ਵਜੇ।

ਸਮਾਗਮ ਅਸਥਾਨ—ਲਾਲ ਗੁਰਦੁਆਰਾ, ਬਸੀ ਪਠਾਣਾਂ।

ਪ੍ਰਾਰਥਕ—ਗਿ: ਅਵਤਾਰ ਸਿੰਘ, ਬੀਬੀ ਮਹਿੰਦਰ ਕੌਰ, ਮਕਾਨ ਨੰ: 2/441, ਬਸੀ ਪਠਾਣਾਂ (ਪੰਜਾਬ)


www.AKJ.org

# ਕਲਿ ਕਾਤੀ ਰਾਜੇ ਕਾਸਾਈ

( ਭਾਈ ਮਨਮੋਹਨ ਸਿੰਘ ਜੀ M.Sc. ਪਟਨਾ )

## ਕਲਿਜੁਗ ਊਤਮੋ ਜੁਗਾ ਮਾਹਿ

ਏਸ ਅਜ ਦੇ ਸਮੇਂ ਨੂੰ ਕਲਿਜੁਗ ਦੇ ਨਾਮ ਨਾਲ ਪੁਕਾਰਿਆ ਜਾਂਦਾ ਹੈ, ਸਮੇਂ ਦੀ ਵੰਡ ਅਨੁਸਾਰ ਚਾਰ ਜੁਗ ਦਰਸਾਏ ਗਏ ਹਨ ਤੇ ਹੁਣ ਚੌਥਾ ਭਾਵ ਅੰਤਲਾ ਜੁਗ, ਕਲਿਜੁਗ ਚਾਲੂ ਹੈ, ਇਸ ਜੁਗ ਸਬੰਧੀ ਆਮ ਜਾਣਕਾਰੀ ਇਹੋ ਕੁਝ ਹੈ, ਕਿ ਇਹ ਜੁਗ ਸਭਨਾ ਜੁਗਾਂ ਤੋਂ ਵਧ ਭਿਆਨਕ ਹੈ ਕਿਉਂਖਿ ਇਸ ਵਿਚ ਧਰਮ ਦਾ ਨਾਮ ਨਿਸ਼ਾਨ ਮਾਤ੍ਰ ਹੀ ਹੈ। ਹਰ ਪਾਸੇ ਅਧਰਮ ਦਾ ਦੌਰ ਦੌਰਾ ਹੈ, ਇਸ ਸਬੰਧੀ ਸ੍ਰੀ ਗੁਰੂ ਨਾਨਕ-ਨਿਰੰਕਾਰੀ ਜੀ ਦਾ ਫੁਰਮਾਨ ਵੀ ਹੈ—

> ਕਲਿ ਕਾਤੀ ਰਾਜੇ ਕਾਸਾਈ, ਧਰਮੁ ਪੰਖ ਕਰਿ ਉਡਰਿਆ ॥
> ਕੂੜੁ ਅਮਾਵਸ ਸਚੁ ਚੰਦ੍ਰਮਾ, ਦੀਸੈ ਨਾਹੀ ਕਹ ਚੜਿਆ ॥

ਕਲਿਜੁਗ ਵਿਚ ਰਾਜੇ ਕਸਾਈ ਹੋ ਚੁਕੇ ਹਨ। ਧਰਮ ਖੰਭ ਲਾਕੇ ਮਾਨੋ ਉਡ ਹੀ ਗਿਆ ਹੈ। ਕੂੜ ਦੀ ਕਾਲੀ ਬੋਲੀ ਰਾਤ ਪਸਰ ਰਹੀ ਹੈ। ਸੱਚ ਦਾ ਚੰਦਰਮਾ ਨਜ਼ਰੀਂ ਹੀ ਨਹੀਂ ਆਉਂਦਾ।

ਏਸ ਜੁਗ ਤੋਂ ਪਹਿਲੇ ਦੁਆਪਰ ਜੁਗ ਸੀ। ਦੁਆਪਰ ਦੇ ਅੰਤਲੇ ਸਮੇਂ ਮਹਾਂ ਭਾਰਤ ਵਾਲੇ ਪਾਂਡੋ ਭਰਾ ਰਾਜ ਕਰ ਰਹੇ ਸਨ। ਸ੍ਰੀ ਕ੍ਰਿਸ਼ਨ ਜੀ ਵੀ ਉਨ੍ਹਾਂ ਵਿਚ ਮੌਜੂਦ ਸਨ। ਭਾਵੇਂ ਅਜੇ ਕਲਿਜੁਗ ਦਾ ਆਰੰਭ ਨਹੀਂ ਸੀ ਹੋਇਆ ਪਰ ਉਸਦੇ ਆਗਮਨ ਦੀਆਂ ਨਿਸ਼ਾਨੀਆਂ ਇੰਜ ਪ੍ਰਗ ਹੋਣ ਲਗ ਪਈਆਂ ਸਨ ਜਿਵੇਂ ਅਤਿ ਗੁੰਮ ਵਾਯੂ ਮੰਡਲ ਆਉਣ ਵਾਲੀ ਭਾਰੀ ਹਨੇਰੀ ਸੂਚਕ ਹੁੰਦਾ ਹੈ। ਕਲਿਜੁਗ ਦੇ ਅਰੰਭ ਦੀਅ ਨਿਸ਼ਾਨੀਆਂ ਦੇਖ ਕੇ ਹੀ ਧਰਮ ਮੂਰਤ ਪਾਂਡ ਆਪਣਾ ਰਾਜ ਭਾਗ ਛਡ ਕੇ ਹਿਮਾਲੀਆ ਪਰਬ ਦੀਆਂ ਬਰਫ਼ਾਂ ਵਿਚ ਤੱਪ ਕਰਦੇ ਕਰਦੇ ਗਲ ਗ ਪ੍ਰੰਤੂ ਉਨਾਂ ਐਸੇ ਭਿਆਨਕ ਯੁਗ ਵਿਚ ਰਹਿਣ ਪ੍ਰਵਾਨ ਨਾ ਕੀਤਾ। ਇਥੋਂ ਤਕ ਰਵਾਇਤ ਹੈ ਕਿ ਸ੍ਰੀ ਕ੍ਰਿਸ਼ਨ ਜੀ ਨੇ ਵੀ ਇਹੋ ਇਛਾ ਪ੍ਰਗਟ ਕੀਤ ਕਿ ਉਨ੍ਹਾਂ ਦੀ ਬੰਸ ਕਲਿਜੁਗ ਨਾ ਵਖੇ ਅਤੇ ਇ ਲਈ ਉਨ੍ਹਾਂ ਆਪਣੀ ਸਾਰੀ ਬੰਸ ਨੂੰ ਵਿਭਾ ਤੀਰਥ ਤੇ ਇਕਠੇ ਕਰਕੇ ਪੂਜਾ ਪਾਠ ਵਿਚ ਲ ਦਿਤਾ ਤਾਂ ਜੋ ਉਨ੍ਹਾਂ ਉਤੇ ਕਲਿਜੁਗ ਦਾ ਪ੍ਰਭਾਵ ਨਾ ਪੈ ਸਕੇ। ਪਰ ਕਹਿੰਦੇ ਹਨ ਕਿ ਕਲਿਜੁਗ ਦ ਪ੍ਰਭਾਵ ਉਨਾਂ ਤੇ ਵੀ ਪੈਣੋਂ ਨਾ ਰਹਿ ਸਕਿਆ ਤੇ ਉਹ ਸਾਰੇ ਹੀ ਸ਼ਰਾਬ ਪੀ ਕੇ ਇਕ ਦੂਜੇ ਨਾਲ ਲੜ ਭਿੜ ਕੇ ਖਤਮ ਹੋ ਗਏ ਅਤੇ ਇਸ ਤਰਾਂ ਯਾਦਵ ਬੰਸ ਦਾ ਕੀਰਤਨ ਸੋਹਿਲਾ ਪੜ੍ਹਿਆ ਗਿਆ।

ਭਾਈ ਗੁਰਦਾਸ ਜੀ ਨੇ ਲਿਖਿਆ ਹੈ ਕਿ ਸਤਿਜੁਗ ਵਿਚ ਬ੍ਰਹਮਣ ਬਿਰਤੀ ਰਾਜ ਕਰਦੀ ਸੀ। ਤਰੇਤੇ ਵਿਚ ਛਤ੍ਰੀ ਬਿਰਤੀ ਨੇ ਸੂਰਜ ਵੰਸ਼ ਅਵਤਾਰ ਦੇ ਰੂਪ ਵਿਚ ਰਾਜ ਕੀਤਾ। ਦੁਆਪਰ



www.AKJ.Org

ਵਿਚ ਵੈਸ਼ ਵਿਰਤੀ ਨੇ ਯਾਦਵ (ਕ੍ਰਿਸ਼ਨ) ਰੂਪ ਵਿਚ ਆਪਣਾ ਸ਼ਿੱਕਾ ਚਲਾਇਆ। ਅੰਤ ਕਲਿਜੁਗ ਵਿਚ ਸੂਦ੍ਰ (ਭਾਵ ਮਲੀਨ ਬਿਰਤੀ ਦਾ ਵਰਤਾਰਾ ਹੋਇਆ:—

ਚਾਰ ਜੁਗਿ ਕਰਿ ਥਾਪਨਾ, ਸਤਿਜੁਗ ਤਰੇਤਾ ਦੁਆਪੁਰੁ ਸਾਜੇ।
ਚਉਥਾ ਕਲਿਜੁਗੁ ਥਾਪਿਆ, ਚਾਰ ਵਰਨ ਚਾਰੋਂ ਕੇ ਰਾਜੇ।
ਬ੍ਰਾਹਮਣ, ਛਤ੍ਰੀ, ਵੈਸ, ਸੂਦ੍ਰ, ਜੁਗ ਜੁਗ ਏਕੋ ਵਰਨ ਬਿਰਾਜੇ।
(ਵਾਰ ੧, ਪਉੜੀ ੫)

ਤਥਾ—

ਤ੍ਰੇਤੈ ਛਤ੍ਰੀ ਰੂਪਿ ਧਰਿ, ਸੂਰਜ ਵੰਸੀ ਵਡਿ ਅਵਤਾਰਾ।
... ... ... ... ... ...
ਦੁਆਪਰਿ ਜਾਦਵ ਵੇਸ ਕਰਿ, ਜੁਗਿ ਜੁਗਿ ਅਉਧ ਘਟੇ ਅਚਾਰਾ।
(ਵਾ: ੧, ਪ: ੬)

ਤਥਾ—

ਕਲਿਜੁਗ ਚਉਥਾ ਥਾਪਿਆ, ਸੂਦ੍ਰ ਬਿਰਤਿ ਜਗ ਮਹਿ ਵਰਤਾਰਾ।

ਖੈਰ, ਇਹ ਸਭ ਕੁਛ ਤਾਂ ਪਾਠਕਾਂ ਦੇ ਅਗੇ ਸਪਸ਼ਟ ਰੂਪ ਵਿਚ ਦਿਸ ਹੀ ਰਿਹਾ ਹੈ। ਕਲਿਜੁਗ ਦੀ ਭਿਆਨਕਤਾ ਕੋਈ ਲੁਕੀ ਛਿਪੀ ਨਹੀਂ। ਪਰ ਅਜ ਇਸ ਦੇ ਨਾਲ ਹੀ ਤਸਵੀਰ ਦਾ ਦੂਜਾ ਪਾਸਾ ਵੀ ਪਾਠਕਾਂ ਦੇ ਦ੍ਰਿਸ਼ਟੀ ਗੋਚਰ ਕਰਨਾ ਚਾਹੁੰਦਾ ਹਾਂ। ਭਾਵੇਂ ਕਲਿਜੁਗ ਭੈੜਾ ਹੀ ਨਹੀਂ, ਅਤਿ ਭੈੜਾ ਹੈ, ਪਰ ਨਾਲ ਹੀ ਇਹ ਵੀ ਸਰਬਗ ਸਤਿਗੁਰਾਂ ਦਾ ਹੀ ਫੁਰਮਾਨ ਹੈ ਕਿ ਸਾਰਿਆਂ ਜੁਗਾਂ ਵਿਚੋਂ ਕਲਿਜੁਗ ਸਰਬ ਸਰੇਸ਼ਟ ਤੇ ਉਤਮ ਜੁਗ ਹੈ। ਲਉ ਹੁਕਮਨਾਮਾ ਪੜੋ :—

ਸਤਿਜੁਗ ਤ੍ਰੇਤਾ ਦੁਆਪਰੁ ਭਣੀਐ,
ਕਲਿਜੁਗ ਊਤਮੋ ਜੁਗਾ ਮਾਹਿ ॥
ਅਹਿ ਕਰੁ ਕਰੇ ਸੁ ਅਹਿ ਕਰੁ ਪਾਏ ॥
ਕੋਈ ਨ ਪਕੜੀਐ ਕਿਸੈ ਥਾਇ ॥ (ਆਸਾ ਮ: ੫)

'ਕਲਿਜੁਗ ਊਤਮੋ ਜੁਗਾ ਮਾਹਿ'। ਕਿਉਂ ? ਇਸ ਨੂੰ ਹੋਰ ਚੰਗੀ ਤਰ੍ਹਾਂ ਸਮਝਣ ਲਈ ਭਾਈ ਗੁਰਦਾਸ ਜੀ ਦੀਆਂ ਇਹ ਪਉੜੀਆਂ ਪੜੋ:—

ਸਤਿਜੁਗ ਉਤਮ ਆਖੀਐ, ਇਕ ਫੇੜੇ ਸਭ ਦੇਸ ਦੁਹੇਲਾ ॥
ਤ੍ਰੇਤੈ ਨਗਰੀ ਪੀੜੀਐ, ਦੁਆਪਰ ਵੰਸੁ ਵਿਧੁੰਸੁ ਕੁਵੇਲਾ ॥
ਕਲਿਜੁਗ ਸਚ ਨਿਆਉ ਹੈ, ਜੋ ਬੀਜੇ ਸੋ ਲੁਣੈ ਅਕੇਲਾ ॥
(ਵਾਰ ੧, ਪਉੜੀ ੧੬)

ਤਥਾ—

ਸਤਿਜੁਗ ਦਾ ਅਨਿਆਇ ਸੁਣ, ਇਕ ਫੰਤੇ ਸਭ ਜਗਤ ਮਤਾਵੈ ॥
ਤ੍ਰੇਤੇ ਨਗਰੀ ਪੀੜੀਐ, ਦੁਆਪਰਿ ਵੰਸ ਕੁਵੰਸ ਕੁਹਾਵੈ ॥
ਕਲਿਜੁਗ ਜੋ ਫੇੜੇ ਸੋ ਪਾਵੈ ॥ (ਵਾਰ ੧, ਪਉੜੀ ੧੩)

ਤਥਾ—

ਸਤਿਜੁਗ ਇਕ ਵਿਗਾੜਦਾ, ਤਿਸੁ ਪਿਛੈ ਸਭ ਦੇਸੁ ਪੀੜਾਏ ॥
ਤ੍ਰੇਤੈ ਨਗਰੀ ਵਗਲੀਐ, ਦੁਆਪੁਰਿ ਵੰਸ ਨਰਕ ਸਹਿਮਾਏ ॥
ਜੋ ਫੇੜੇ ਸੋ ਫੜੀਦਾ, ਕਲਿਜੁਗ ਸਚਾ ਨਿਆਉ ਕਰਾਏ ॥
... ... ...
ਕਲਿਜੁਗ ਚਿਤਵੈ ਪੁੰਨ ਫਲ, ਪਾਪਹੁ ਲੇਪੁ ਅਧਰਮ ਕਹਾਏ ॥
... ... ... (ਵਾਰ ੨੩, ਪਉੜੀ ੧੭)

ਸਤਿਜੁਗ ਵਿਚ ਇਕ ਦੇ ਕਸੂਰ ਬਦਲੇ ਸਾਰੇ ਦੇਸ਼ ਵਾਸੀ ਸਜ਼ਾ ਭੁਗਤਦੇ ਸਨ। ਤ੍ਰੇਤੇ ਵਿਚ ਇਕ ਦੇ ਪਾਪ ਦਾ ਫਲ, ਉਸ ਪਾਪੀ ਕਸੂਰਵਾਰ ਦੇ ਸਾਰੇ ਨਗਰ ਵਾਸੀਆਂ ਨੂੰ ਭੁਗਤਣਾ ਪੈਂਦਾ ਸੀ। ਇਸੇ ਤਰ੍ਹਾਂ ਦੁਆਪਰ ਵਿਚ ਇਕ ਦੇ ਕਾਰਨ, ਉਸ ਦੀ ਸਾਰੀ ਵੰਸ ਨੂੰ ਹੀ ਕਸੂਰਵਾਰ ਗਰਦਾਨਿਆਂ ਜਾਂਦਾ ਸੀ। ਕੀ ਇਹ ਸਭ ਇਨਸਾਫ਼ ਸੀ ? ਇਨ੍ਹਾਂ ਪਹਿਲਿਆਂ ਤਿਹਾਂ ਜੁਗਾਂ ਵਿਚ ਕਸੂਰ ਤਾਂ ਇਕ ਦਾ ਹੁੰਦਾ ਸੀ ਪਰ ਉਸਦੀ ਸਜ਼ਾ ਕਈਆਂ ਹੋਰਨਾਂ ਨੂੰ ਭੁਗਤਣੀ ਪੈਂਦੀ ਸੀ। ਏਸ ਬੇਇਨਸਾਫ਼ੀ ਨੂੰ ਕਲਿਜੁਗ ਵਿਚ ਦੂਰ ਕਰ ਦਿਤਾ ਗਿਆ। ਏਸ ਜੁਗ ਵਿਚ ਤਾਂ—

ਅਹਿ ਕਰੁ ਕਰੇ ਸੁ ਅਹਿ ਕਰੁ ਪਾਏ ॥
ਕੋਈ ਨ ਪਕੜੀਐ ਕਿਸੈ ਥਾਇ ॥

ਜੋ ਕਰੇ ਸੁ ਭਰੇ। ਏਸ ਤਰਾਂ 'ਕਲਿਜੁਗ ਸਚਾ ਨਿਆਉ ਕਰਾਏ।' ਨਾਲ ਹੀ ਕਲਿਜੁਗ ਇਸ ਕਰਕੇ ਵੀ ਉਤਮ ਹੈ ਕਿ —

www.AKJ.Org

'ਕਲਿਜੁਗ ਚਿਤਵੈ ਪੁੰਨ ਫਲ, ਪਾਪਹੁ ਲੇਪ ਅਧਰਮ ਕਮਾਏ।'

ਭਾਵ—ਕਲਿਜੁਗ ਵਿਚ ਪੁੰਨ ਦਾ ਫਲ ਚਿਤਵਨ ਨਾਲ ਹੀ ਮਿਲਣਾ ਅਰੰਭ ਹੋ ਜਾਂਦਾ ਹੈ ਪਰ ਪਾਪ ਦਾ ਲੇਪ ਅਧਰਮ ਦੇ ਕਮਾਉਣ ਨਾਲ ਹੀ ਲਗਦਾ ਹੈ। ਕਿਡੀ ਵਡੀ ਰਿਆਇਤ ਹੈ? ਪਿਛਲੇ ਜੁਗਾਂ ਵਿਚ ਤਾਂ ਜੇ ਕੋਈ ਪਾਪ ਦੀ ਚਿਤਵਣਾ ਵੀ ਕਰਦਾ ਸੀ ਤਾਂ ਵੀ ਉਹ ਪਾਪੀ ਸਮਝਿਆ ਜਾਂਦਾ ਸੀ ਪਰ ਇਸ ਜੁਗ ਵਿਚ ਪਾਪ ਚਿਤਵਣ ਵਾਲੇ ਨੂੰ ਉਦੋਂ ਤਕ ਪਾਪੀ ਨਹੀਂ ਗਰਦਾਨਿਆ ਜਾਂਦਾ ਜਦ ਤਾਈਂ ਉਹ ਪਾਪ ਕਰਮ ਦਾ ਕਰਨਹਾਰਾ ਨਾ ਹੋ ਜਾਵੇ। ਇਸ ਦੇ ਉਲਟ ਚੰਗਾ ਜਾਂ ਪੁੰਨ ਕਰਮ ਚਿਤਵਣ ਨਾਲ ਹੀ ਫਲ ਦੀ ਪ੍ਰਾਪਤੀ ਮਿਲਣੀ ਅਰੰਭ ਹੋ ਜਾਂਦੀ ਹੈ।

ਹੁਣ ਵੀਚਾਰਨਾ ਇਹ ਹੈ ਕਿ ਕਲਿਜੁਗ ਵਿਚ ਇਹ ਰਿਆਇਤਾਂ ਕਿਉਂ ਦਿਤੀਆਂ ਗਈਆਂ ਹਨ? ਮਨੁਖੀ ਕਰਮਾਂ ਦੀ ਸਜ਼ਾ ਜਾਂ ਸਜ਼ਾ ਦੇਣ ਦੀ ਇਕੋ ਕਸਵੱਟੀ ਸਭ ਜੁਗਾਂ ਵਿਚ ਕਿਉਂ ਨਹੀਂ ਵਰਤੀ ਗਈ? ਇਸ ਨੂੰ ਸਮਝਣ ਲਈ ਸਾਨੂੰ ਫੇਰ ਚੌਹਾਂ ਜੁਗਾਂ ਵਿਚ ਵਰਤੇ ਵਰਤਾਰੇ ਤੇ ਝਾਤ ਮਾਰਨੀ ਪਵੇਗੀ। ਭਾਈ ਗੁਰਦਾਸ ਜੀ ਦੀ ਗਵਾਹੀ ਹੈ:—

ਸਤਜੁਗ ਦਾ ਅਨਿਆਉ ਵੇਖਿ, ਧਉਲ ਧਰਮ ਹੋਆ ਉਡੀਣਾ॥
ਸੁਰਪਤਿ ਨਰਪਤਿ ਚਕ੍ਰਵੈ, ਰਖਿ ਨ ਹੰਘਨਿ ਬਲ ਮਤਿ ਹੀਣਾ॥
ਤਰੇਤੈ ਖਿਸਿਆ ਪੈਰ ਇਕੁ, ਹੋਮ ਜਗ ਜਗੁ ਥਾਪਿ ਪਤੀਣਾ॥
ਦੁਆਪਰਿ ਦੁਇ ਪਗ ਧਰਮ ਦੇ, ਪੂਜਾ ਚਾਰ ਪਖੰਡ ਅਲੀਣਾ॥
ਕਲਿਜੁਗ ਰਹਿਆ ਪੈਰ ਇਕੁ, ਹੋਇ ਨਿਮਾਣਾ ਧਰਮ ਅਧੀਣਾ॥
(ਵਾਰ ੨੩, ਪ: ੧੮)

ਕਲਿਜੁਗ ਵਿਚ ਇਸ ਫ਼ਰਕ ਦਾ ਕਾਰਨ ਭਾਈ ਗੁਰਦਾਸ ਜੀ ਅਨੁਸਾਰ ਪਿਛਲੇ ਤਿਹਾਂ ਜੁਗਾਂ ਵਿਚ ਵਰਤਿਆ ਵਰਤਾਰਾ ਹੈ। ਪਹਿਲਾਂ ਤਾਂ ਸਤਿਜੁਗ ਦੀ ਬੇਇਨਸਾਫ਼ੀ (ਇਕ ਦੇ ਥਾਂ ਸਾਰੇ ਦੇਸ਼ ਨੂੰ ਸਜ਼ਾ ਦੇਣੀ) ਨੂੰ ਦੇਖਕੇ ਧਰਮ ਰੂਪੀ ਧਉਲ, ਜਿਸ ਦੇ ਸਹਾਰੇ ਪ੍ਰਿਥਵੀ ਖੜੀ ਹੈ, ਉਹ ਅਤਿ ਹੀ ਦਹਿੰਦੀ ਕਲਾ ਵਿਚ ਹੋ ਗਿਆ ਭਾਵ ਧਰਮ ਨੂੰ ਬਹੁਤ ਹਾਨੀ ਪੁਜੀ ਤੇ ਉਹ ਕਮਜ਼ੋਰ ਹੋ ਗਿਆ। ਇੰਦਰ ਜਾਂ ਕੋਈ ਹੋਰ ਚਕ੍ਰਵਰਤੀ ਰਾਜਾ ਉਸ (ਧਰਮ) ਨੂੰ ਸੰਭਾਲ ਨ ਸਕਿਆ। ਸਿੱਟਾ ਇਹ ਨਿਕਲਿਆ ਕਿ ਉਹ ਬੁਧ-ਬਲ ਹੀਣ ਹੋ ਗਿਆ ਭਾਵ ਉਸਦਾ ਇਕ ਪੈਰ ਖੁਸ ਗਿਆ। ਤ੍ਰੇਤੇ ਵਿਚ ਧਰਮ ਦੀ ਥਾਂ ਸ੍ਰਿਸ਼ਟੀ ਹੋਮ ਜਗ ਆਦਿ ਕਰਮਾਂ ਨੂੰ ਪ੍ਰਧਾਨਤਾ ਦੇਣ ਲਗ ਪਈ ਤੇ ਇਨਾ ਫ਼ੋਕੇ ਕਰਮ ਕਾਂਡਾਂ ਵਿਚ ਹੀ ਮਸਤ ਹੋ ਗਈ। ਧਰਮ ਦੀ ਕਿਸੇ ਵੀ ਬਾਤ ਨ ਪੁਛੀ। ਫਿਰ ਦੁਆਪਰ ਆਇਆ ਤਾਂ ਧਰਮ ਦਾ ਤੀਜਾ ਪੈਰ ਵੀ ਨਕਾਰਾ ਹੋ ਗਿਆ ਭਾਵ ਸੱਚੇ ਧਰਮ ਨੂੰ ਉਦੋਂ ਵੀ ਕਿਸੇ ਨਾ ਪਛਾਣਿਆ ਤੇ ਲੋਕ ਫੋਕੀ ਵਿਖਾਵੇ ਦੀ ਪੂਜਾ ਤੇ ਕਰਮਾਂ ਦੇ ਪਖੰਡਾਂ ਵਿਚ ਹੀ ਮਸਤ ਹੋ ਗਏ, ਸੋ ਏਸ ਤਰਾਂ ਕਲਿਜੁਗ ਦੇ ਅਰੰਭ ਹੋਣ ਤਾਈਂ ਧਰਮ ਦਾ ਇਕੋ ਪੈਰ ਰਹਿ ਗਿਆ ਤੇ ਉਹ ਵਿਚਾਰਾ ਨਿਮਾਣਾ ਤੇ ਅਧੀਨ ਹੋ ਗਿਆ, ਹੁਣ ਫਿਰ ਕਸੂਰ ਕਿਸ ਦਾ ਹੋਇਆ ਕਲਿਜੁਗ ਵਿਚ ਧਰਮ-ਗਰਦੀ ਦਾ? ਸਪਸ਼ਟ ਹੈ ਕਿ ਪਿਛੇ ਗੁਜ਼ਰ ਚੁਕੇ ਕਹਾਉਤੀ ਚੰਗੇ ਤਿਨਾਂ ਜੁਗਾਂ ਦਾ ਜਿਨਾਂ ਵਿਚ ਤੱਤ ਧਰਮ ਵਸਤੂ ਨੂੰ ਕਿਸੇ ਨ ਪਛਾਣਿਆ ਤੇ ਲੋਕ ਫੋਕੇ ਕਰਮ ਕਾਂਡਾਂ ਵਿਚ ਪੈਕੇ ਅਸਲੀਅਤ ਤੇ ਸੱਚ ਤੋਂ ਦੂਰ ਚਲੇ ਗਏ ਸਨ। ਸੋ ਕਲਿਜੁਗ ਦੇ ਅਰੰਭ ਹੋਣ ਤਾਈਂ ਧਰਮ ਬਿਲਕੁਲ ਲਗ ਭਗ ਖਤਮ ਹੋ ਚੁਕਾ ਸੀ। ਕੂੜ ਦਾ ਪਸਾਰਾ ਹਰ ਪਾਸੇ ਪਸਰ ਰਿਹਾ ਸੀ।


www.AKJ.Org

ਗਿ. ਅਮਰ ਸਿੰਘ ਜੀ ਆਪਣੀ ਪੁਸਤਕ "ਕਲਜੁਗ" (ਦਰਬਾਰ ਪਬਲਿਸ਼ਿੰਗ ਹਾਊਸ, ਅੰਮ੍ਰਿਤਸਰ) ਵਿਚ, ਏਸ ਜੁਗ ਵਿਚ ਵਰਤ ਰਹੀ ਧਰਮ ਦੀ ਇਸ ਦੁਰਦਸ਼ਾ ਦੇ ਮੂਲ ਨੂੰ ਦਰਸਾਂਦੇ ਹੋਏ ਲਿਖਦੇ ਹਨ—

'ਵੇਦ ਪੁਰਾਨ ਵੀ ਦਸ ਰਹੇ ਹਨ ਕਿ ਸਤਿਜੁਗ ਵਿਚ ਮਨੁਖਾਂ ਦੀ ਉਮਰ ਲਖਾਂ ਵਰ੍ਹਿਆਂ ਦੀ ਹੁੰਦੀ ਸੀ ਪਰ ਉਨ੍ਹਾਂ ਦੇ ਮਨ ਏਡੇ ਸੰਤੋਖੀ ਤੇ ਸ਼ਾਂਤ ਸਨ ਕਿ ਉਹ ਕਿਸੇ ਇੱਛਾ ਦੇ ਅਧੀਨ ਨਹੀਂ ਸੀ ਹੁੰਦੇ। ਸਗੋਂ ਇਛਾਵਾਂ ਉਨ੍ਹਾਂ ਦੇ ਅਧੀਨ ਰਹਿੰਦੀਆਂ ਸਨ। ਉਸ ਸਮੇਂ ਦੇ ਮਨੁਖਾਂ ਦੀ ਜ਼ਿੰਦਗੀ ਏਨੀ ਸਾਦੀ ਸੀ ਕਿ ਉਹ ਸਾਰੀ ਆਯੂ ਹੀ ਦਰਿਆਵਾਂ ਦੇ ਕੰਢਿਆਂ ਤੇ ਝੌਂਪੜੀਆਂ ਵਿਚ ਗੁਜ਼ਾਰ ਛਡਦੇ ਸਨ।'

"ਤਰੇਤਾ ਜੁਗ ਆਇਆ ਤਾਂ ਮਨੁਖੀ ਸੁਭਾਵ ਵਿਚ ਥੋੜੀ ਜਿਹੀ ਤਬਦੀਲੀ ਆਈ ਕਿਉਂਕਿ ਮਨੁਖ ਦੀ ਗਰਮੀ ਤੇ ਤਾਕਤ ਜਿਸ ਨੇ ਲੱਖ ਸਾਲ ਵਿਚ ਖਰਚ ਹੋਣਾ ਸੀ, ਉਹ ਹੁਣ ਸਿਰਫ਼ ਦਸ ਹਜ਼ਾਰ ਦੇ ਅਰਸੇ ਵਿਚ ਖਰਚ ਹੋਣੀ ਸੀ। ਸੋ ਕੁਦਰਤਨ ਤੇ ਸੁਭਾਵਕ ਹੀ ਇਸ ਦਾ ਅਸਰ ਇਹ ਹੋਇਆ ਕਿ ਸਰੀਰ ਅੰਦਰ ਗਰਮੀ (ਤਾਮਸ) ਉਤਪੰਨ ਹੋ ਗਈ। ਹੁਣ ਆਪਣੀ ਤਾਕਤ, ਆਦਮੀ ਨੂੰ ਵਰਤਣ ਦਾ ਸ਼ੌਕ ਜਾਗਿਆ। ਇਸੇ ਸ਼ੌਕ ਵਿਚ ਹਉਮੈ ਉਤਪਨ ਹੋਈ, ਜਿਸ ਨੇ ਜੰਗਾਂ ਜੁਧਾਂ ਦਾ ਮੁੱਢ ਬੰਨ੍ਹ ਕੇ ਰਖ ਦਿਤਾ। ਤਰੇਤੇ ਵਿਚ ਸ੍ਰੀ ਰਾਮਚੰਦਰ ਤੇ ਰਾਵਣ ਦਾ ਜੰਗ ਤੇ ਹੋਰ ਕਈ ਜੰਗ ਮਸ਼ਹੂਰ ਹਨ। ਬਸ ਤਰੇਤੇ ਵਿਚ ਏਨਾ ਫ਼ਰਕ ਪੈਣ ਨਾਲ ਹੀ ਆਦਮੀ ਦੇ ਸੁਭਾਵ ਵਿਚ ਜ਼ਮੀਨ ਅਸਮਾਨ ਦਾ ਫ਼ਰਕ ਪੈ ਗਿਆ। ਸ਼ਾਂਤੀ ਦਾ ਥੋੜਾ ਜਿਹਾ ਘਾਟਾ ਹੋਇਆ, ਪਰ ਇਸਦਾ ਅਸਰ ਬਹੁਤਾ ਰਾਜੇ ਲੋਕਾਂ ਤੇ ਹੀ ਪਿਆ।

'ਤਰੇਤੇ ਤੋਂ ਮਗਰੋਂ ਦੁਆਪਰ ਆਇਆ ਇਸ ਵਿਚ ਹਿਰਦੇ ਦੀ ਗਰਮੀ (ਕ੍ਰੋਧ) ਵਿਚ ਹੋਰ ਵਾਧਾ ਹੋਇਆ, ਚੰਚਲਤਾ ਹੋਰ ਵਧੀ ਤੇ ਉਮਰ ਸਾਰੀ ਇਕ ਹਜ਼ਾਰ ਵਰ੍ਹਾ ਹੀ ਰਹਿ ਗਈ। ਇਸ ਜੁਗ ਵਿਚ ਵੀ ਸੱਤ ਦੀ ਅੰਸ਼ ਅਜੇ ਬਾਕੀ ਸੀ ਪਰ ਤਾਕਤ ਦੇ ਮਾਣ,ਹੰਕਾਰ ਤੇ ਹਉਮੈਂ ਦਾ ਬਹੁਤ ਵਾਧਾ ਹੋ ਗਿਆ, ਜਿਸ ਕਰ ਕੇ ਆਮ ਦੁਨੀਆਂ ਦਾ ਜੀਵਨ ਗੰਧਲਾ ਜਿਹਾ ਹੋ ਗਿਆ। ਪੂਜਾ, ਪਾਠ, ਯਗ, ਹੋਮ ਆਦਿ ਭਾਵੇਂ ਬਾਕਾਇਦਾ ਹੋਂਦੇ ਰਹੇ ਤੇ ਉਹਨਾਂ ਦੇ ਫਲ ਵੀ ਤਕਰੀਬਨ ਕਾਇਮ ਰਹੇ, ਪਰ ਸਤੋਗੁਣੀ ਪਦਾਰਥ ਦਿਨੋ ਦਿਨ ਘਟਦੇ ਹੀ ਗਏ। ਘਟਨਾ ਵੀ ਜ਼ਰੂਰ ਹੀ ਸੀ ਕਿਉਂਕਿ ਅਗੋਂ ਕਲਜੁਗ ਦਾ ਸਮਾਂ ਆਉਣਾ ਸੀ। ਦੁਆਪਰ ਵਿਚ ਸ੍ਰੀ ਕ੍ਰਿਸ਼ਨ ਜੀ ਨੂੰ ਪਾਪੀਆਂ ਦੇ ਵਿਨਾਸ ਲਈ ਕਈ ਜੰਗ ਜੁਧ ਕਰਨੇ ਪਏ ਪਰ ਇਸ ਜੁਗ ਵਿਚ ਵੀ ਲੋਕ ਈਸ਼ਵਰ ਦੇ ਸਿਮਰਨ ਨੂੰ ਭੁਲਕ ਫੋਕਟ ਕਰਮ ਕਾਂਡਾਂ ਵਿਚ ਹੀ ਰੁਝ ਗਏ ਸਨ।'

ਸੋ ਇਸ ਉਪਰ ਲਿਖੇ ਤੋਂ ਸਪਸ਼ਟ ਹੈ ਕਿ ਜਿਵੇਂ ਜਿਵੇਂ ਜੁਗਾਂ ਵਿਚ ਉਮਰ ਘਟਦੀ ਗਈ, ਕ੍ਰੋਧ ਦੀ ਗਰਮੀ ਇਨਸਾਨ ਵਿਚ ਵਧਦੀ ਗਈ ਐਥੋਂ ਤਕ ਕਿ ਕਲਿਜੁਗ ਵਿਚ ਆ ਕੇ ਇਸ ਦਾ ਅੰਤ ਹੀ ਨਾ ਰਿਹਾ। ਕਲਿਜੁਗ ਵਿਚ ਮਨੁਖੀ ਆਯੂ ਕੇਵਲ ੧੦੦ ਵਰੇ ਹੀ ਰਹਿ ਗਈ ਜਦ ਕਿ ਸਤਿਜੁਗ ਵਿਚ ਲਖ, ਤ੍ਰੇਤੇ ਵਿਚ ਦਸ ਹਜ਼ਾਰ ਅਤੇ ਦੁਆਪਰ ਵਿਚ ਇਕ ਹਜ਼ਾਰ ਵਰੇ ਸੀ। ਮਨੁਖੀ ਸ਼ਕਤੀ ਜੋ ਪਹਿਲੇ ਐਨੀਆਂ ਲੰਮੀਆਂ ਲੰਮੀਆਂ ਉਮਰਾਂ ਵਿਚ ਖਰਚ ਹੁੰਦੀ ਸੀ, ਉਹ †

www.AKJ.Org

ਸਿੱਖ-ਇਤਿਹਾਸ ਵਿਚਾਰ-ਲੜੀ ਨੰ: ੪

# ਕੀ ਸ੍ਰੀ ਦਸਮੇਸ਼ ਜੀ ਨੇ ਪੰਜ ਬਕਰੇ ਝਟਕਾਏ ?

( ਇਕ ਇਤਿਹਾਸਕ ਖੋਜੀ ਦੀ ਕਲਮ ਤੋਂ )

ਹਾਂ ਜੀ—ਭਲਾ ਜੇ ਇਹ ਮੰਨ ਵੀ ਲਿਆ ਜਾਏ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪਿਆਰੇ ਸਾਜਣ ਵੇਲੇ ਪੰਜ ਬਕਰੇ ਤੰਬੂ ਵਿਚ ਬੰਨੇ ਹੋਏ ਸਨ ਅਤੇ ਉਹਨਾਂ ਪੰਜ ਸਿੱਖਾਂ ਦਾ ਸੀਸ ਨਹੀਂ ਲਿਆ, ਸਗੋਂ ਪਜ ਬਕਰਿਆਂ ਦਾ ਸਿਰ ਲੈਕੇ ਸੰਗਤ ਨੂੰ ਪ੍ਰਗਟ ਕੀਤਾ ਕਿ ਪੰਜ ਸਿਖਾਂ ਦਾ ਸੀਸ ਲਇਆ ਗਿਆ ਹੈ। ਤਾਂ ਇਸ ਸਾਰੀ ਘਟਨਾ ਤੋਂ ਇਹੀ ਪਤਾ ਲਗਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਨੀਂਹ ਪੰਜ ਸਿੰਘਾਂ ਦੀ ਬਜਾਏ ਪੰਜ ਬਕਰਿਆਂ ਦੇ ਖ਼ੂਨ ਉਤੇ ਰਖੀ। ਜਾਂ ਇਉਂ ਕਹੋ ਕਿ ਖਾਲਸਾ ਪੰਥ ਦੇ ਮਹਿਲ ਉਸਾਰਨ ਲਈ ਜੋ ਨੀਂਹ ਰਖੀ ਗਈ, ਉਸ ਵਿਚ ਪੰਜ ਸਿੰਘਾਂ ਦੇ ਖ਼ੂਨ ਦੇ ਥਾਂ ਪੰਜ ਬਕਰਿਆਂ ਦਾ ਖ਼ੂਨ ਪਾਇਆ ਗਿਆ ਪਰ ਇਹ ਗਲ ਕਦੀ ਵੀ ਮੰਨਣ ਯੋਗ ਨਹੀਂ ਕਿ ਖਾਲਸਾ ਪੰਥ ਦੀ ਨੀਂਹ ਪੰਜ ਬਕਰਿਆਂ ਦੇ ਖ਼ੂਨ ਉਤੇ ਰਖੀ ਗਈ ਹੋਵੇ ਜੇ (ਪੰਜਵਾਂ ਗੁਰੂ ਨਾਨਕ) ਗੁਰੂ ਅਰਜਨ ਸਾਹਿਬ, ਜੋ ਗੁਰੂ ਗੋਬਿੰਦ ਸਿੰਘ ਜੀ ਦੇ ਪੜਦਾਦਾ ਸਨ, ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿਤਰਤਾ ਨੂੰ ਕਾਇਮ ਰਖਣ ਲਈ ਸਾਧ ਸੰਗਤ ਦੇ ਹੁਕਮ ਨੂੰ ਮੰਨ ਕੇ ਹਕੂਮਤ ਦੇ ਨਸ਼ੇ ਵਿਚ ਅਹੰਕਾਰੀ ਚੰਦੂ ਨੂੰ ਨੀਵਾਂ ਦਿਖਾਉਣ ਲਈ ਅਤੇ 'ਸ਼ਰਨ ਆਵੈ ਤਿਸ ਕੰਠ ਲਾਵੈ' ਦੇ ਗੁਰਵਾਕ

---

†ਹੁਣ ਸੌ ਜਾਂ ਇਸਤੋਂ ਘਟ ਵਰ੍ਹਿਆਂ ਦੀ ਉਮਰ ਵਿਚ ਖਰਚ ਹੋਣ ਕਰਕੇ, ਇਸ ਦੀ ਅਗਨੀ ਬਹੁਤ ਵਧ ਗਈ ਤੇ ਮਨੁਖ ਆਪਣੇ ਆਪੇ ਤੋਂ ਵੀ ਬਾਹਰ ਹੋ ਗਿਆ। ਹਾਲਾਤ ਇਥੋਂ ਤਕ ਭਿਆਨਕ ਨਜ਼ਰ ਆਉਣ ਲਗੇ ਕਿ ਸ੍ਰੀ ਕ੍ਰਿਸ਼ਨ ਜੀ ਤੇ ਪਾਂਡਵਾਂ ਨੇ ਆਪਣੀ ਵੰਸ ਨੂੰ ਕਲਿਜੁਗ ਵਿਚ ਰਖਣਾ ਹੀ ਨਾ ਚਾਹਿਆ।

ਖ਼ੈਰ ਇਹ ਤਾਂ ਪਤਾ ਹੀ ਹੈ ਕਿ ਕਲਿਜੁਗ ਦੀ ਦਸ਼ਾ ਕੀ ਹੈ। ਅਸੀਂ ਆਪ ਜੁ ਏਸ ਜੁਗ ਵਿਚ ਵਸਦੇ ਹਾਂ। ਇਸ ਲਈ ਕਿਸੇ ਹੋਰ ਗਵਾਹੀ ਦੀ ਲੋੜ ਹੀ ਨਹੀਂ। ਸਭ ਵਰਤਾਰਾ ਸਾਡੀਆਂ ਅਖਾਂ ਸਾਂਹਵੇਂ ਵਰਤ ਰਿਹਾ ਹੈ। ਉਪਰ ਸਭ ਕੁਛ ਤਾਂ ਹੁਣ ਦੀ ਇਸ ਦਸ਼ਾ ਦੇ ਮੂਲ ਕਾਰਨ ਨੂੰ ਦਰਸਾਣ ਲਈ ਲਿਖਿਆ ਗਿਆ ਹੈ। ਹੁਣ ਅਸੀਂ ਇਹ ਵੇਖਣਾ ਹੈ ਕਿ ਕਲਿਜੁਗ ਏਨਾ ਮਾੜਾ ਹੋਣ ਦੇ ਬਾਵਜੂਦ ਸਾਰਿਆਂ ਜੁਗਾਂ ਵਿਚੋਂ ਉਤਮ ਕਿਸ ਤਰਾਂ ਹੈ ? ਇਸਦੇ ਕੁਝ ਕਾਰਨ ਪਿਛੇ ਦਰਸਾਏ ਜਾ ਚੁਕੇ ਹਨ। ਹੁਣ ਇਕ ਹੋਰ ਨੁਕਤੇ ਤੋਂ ਇਸ ਦੀ ਮਹਾਨਤਾ ਤੇ ਉਤਮਤਾ ਦਰਸਾਉਣ ਦਾ ਜਤਨ ਕੀਤਾ ਜਾਂਦਾ ਹੈ।

(ਚਲਦਾ)

www.AKJ.Org

ਨੂੰ ਅਟੱਲ ਰਖਣ ਲਈ ਅਨੇਕਾਂ ਤਸੀਹੇ ਝੱਲ ਕੇ ਆਪਾ ਵਾਰ ਸਕਦੇ ਹਨ ਤਾਂ ਦਸਵੇਂ ਗੁਰੂ ਪੰਜ ਸਿੱਖਾਂ ਦੇ ਸੀਸ ਲੈਕੇ ਉਹਨਾਂ ਨੂੰ ਨਵ ਜਨਮ ਨਹੀਂ ਸਨ ਬਖਸ਼ ਸਕਦੇ ? ਜੇ ਗੁਰੂ ਗੋਬਿੰਦ ਸਿੰਘ ਜੀ ਅਠ ਸਾਲ ਦੀ ਉਮਰ ਵਿਚ ਹਿੰਦੀਆਂ ਨੂੰ ਜ਼ਾਲਮਾਂ ਵਿਰੁਧ ਜਗਾਉਣ ਲਈ, ਤਿਲਕ ਜੰਞੂ ਦੀ ਰਖਿਆ ਲਈ, ਹਿੰਦੀਆਂ ਵਿਚੋਂ ਖਾਲਸ ਕੌਮ ਦੇ ਜਨਮ ਵਾਸਤੇ ਧਰਤੀ ਤਿਆਰ ਕਰਣ ਲਈ ਆਪਣੇ ਪਿਤਾ ਜੀ ਨੂੰ ਸੀਸ ਦੇਣ ਲਈ ਦਿਲੀ ਭੇਜ ਸਕਦੇ ਹਨ ਅਤੇ ਪੜਦਾਦੇ ਪਿਛੋਂ ਪਿਤਾ ਦੇ ਖ਼ੂਨ ਦੀ ਸਿੰਚਾਈ ਨਾਲ ਖਾਲਸ ਕੌਮ ਦਾ ਬੂਟਾ ਲਾਉਣਾ ਚਾਹੁੰਦੇ ਹਨ ਤਾਂ ਉਹੀ ਗੁਰੂ ਜੀ ਪੰਜ ਸਿਖਾਂ ਦਾ ਸੀਸ ਲੈ ਕੇ, ਉਹਨਾਂ ਨੂੰ ਮੁੜ ਜੋੜ ਕੇ ਨਵਾਂ ਜਨਮ ਨਹੀਂ ਸਨ ਬਖ਼ਸ਼ ਸਕਦੇ।

ਜਿਹੜੇ ਗੁਰੂ ਸਾਹਿਬ ਸਿਖ ਧਰਮ ਦਾ ਮਹਿਲ ਉਸਾਰਨ ਲਈ ਆਪਣੇ ਚਾਰ ਬਚਿਆਂ ਦਾ ਖ਼ੂਨ ਉਸ ਮਹਿਲ ਦੀਆਂ ਦੀਵਾਰਾਂ ਵਿਚ ਪਾ ਸਕਦੇ ਹਨ ਤਾਂ ਉਹੀ ਗੁਰੂ ਸਾਹਿਬ ਪੰਜ ਪਿਆਰਿਆਂ ਨੂੰ ਸਾਜਣ ਵੇਲੇ ਆਪਣੇ ਖੰਡੇ ਨਾਲ ਉਹਨਾਂ ਦਾ ਸੀਸ ਲੈ ਕੇ, ਉਹਨਾਂ ਦਾ ਪੁਰਾਣਾ ਜਨਮ ਮਿਟਾ ਕੇ 'ਸਤਿਗੁਰ ਕੇ ਜਨਮੇ ਗਵਨ ਮਿਟਾਇਆ' ਦੇ ਗੁਰਵਾਕ ਅਨੁਸਾਰ ਉਹਨਾਂ ਪਿਆਰਿਆਂ ਨੂੰ,ਖਾਲਸ ਜਨਾਂ ਨੂੰ ਨਵ-ਜਨਮ ਦੇ ਕੇ ਖਾਲਸ ਜਨ ਨਹੀਂ ਸਨ ਬਣਾ ਸਕਦੇ ?

## ਇਕ ਹੋਰ ਵਿਚਾਰ

ਜੇ ਸਿਖ ਪੰਥ ਦੀ ਸਾਜਣਾ ਵਿਚ, ਮਹਿਲ ਉਸਾਰੀ ਵਿਚ ਗੁਰੂ ਅਰਜਨ ਦੇਵ ਜੀ ਤੇ ਗੁਰੂ ਤੇਗਬਹਾਦਰ ਜੀ ਦੇ ਦਿਤੇਖ਼ੂਨ ਨੂੰ ਨੀਂਹ ਸਮਝਿਆ ਜਾਵੇ ਤਾਂ ਪੰਜ ਪਿਆਰਿਆਂ, ਚਾਰ ਸਾਹਿਬਜ਼ਾਦਿਆਂ ਦੇ ਖਾਲਸ ਸ਼ਹੀਦੀ ਖ਼ੂਨ ਨੂੰ ਉਸ ਮਹਿਲ ਦੀਆਂ ਦੀਵਾਰਾਂ ਵਿਚ ਥਾਂ ਦੇਣੀ ਪਵੇਗੀ, ਪਰ ਇਹ ਅਜੀਬ ਜਿਹੀ ਸੋਚ ਹੋਵੇਗੀ ਕਿ ਨੀਂਹਾਂ ਵਿਚ ਤਾਂ ਗੁਰੂ ਦਸਮੇਸ਼ ਪਿਤਾ ਦੇ ਪੜਦਾਦੇ ਤੇ ਪਿਤਾ ਜੀ ਆਪਣਾ ਖ਼ੂਨ ਦੇ ਰਹੇ ਹੋਣ ਪਰ ਕੰਧਾਂ ਦੀ ਉਸਾਰੀ ਵਿਚ ਪੰਜ ਪਿਆਰਿਆਂ ਦੀ ਥਾਂ ਪੰਜ ਬਕਰਿਆਂ ਦਾ ਖ਼ੂਨ ਪਾਇਆ ਗਿਆ ਦਸਿਆ ਜਾਵੇ। ਅਸਲ ਵਿਚ ਇਹ ਪੰਜ ਬਕਰਿਆਂ ਦੀ ਕਥਾ ਨਿਰੀ ਮਨਘੜਤ ਕਹਾਣੀ ਹੈ ਤੇ ਗੁਰੂਆਂ ਦੇ ਪਵਿਤਰ ਖ਼ੂਨ ਦੇ ਨਾਲ ਬਕਰਿਆਂ ਦਾ ਖ਼ੂਨ ਪਾਉਣਾ ਸੀਮਿੰਟ ਦੇ ਥਾਂ ਨਿਰੀ ਰੇਤ ਪਾਉਣ ਦੇ ਬਰਾਬਰ ਹੈ।

ਜੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਹਜ਼ੂਰੀਏ ਸਿਖ ਭਾਈ ਮਤੀ ਦਾਸ ਜੀ ਆਰੇ ਨਾਲ ਤਨ ਚਰਵਾ ਸਕਦੇ ਹਨ, ਭਾਈ ਦਇਆਲਾ ਜੀ ਆਲੂ ਵਾਂਗ ਉਬਲ ਸਕਦੇ ਹਨ, ਨਾਮ ਦੇ ਰੰਗ ਵਿਚ ਰੱਤੇ ਕੇਵਲ ਇਸ ਭਰੋਸੇ ਕਿ ਸ਼ਹੀਦੀ ਅਮਰ ਕਰ ਦੇਵੇਗੀ ਗੁਰੂ ਚਰਨਾਂ ਵਿਚ ਸਦੀਵੀ ਨਿਵਾਸ ਬਖ਼ਸ਼ੇਗੀ ਤਾਂ ਦਸਮ ਪਾਤਸ਼ਾਹ ਦੇ ਹਜ਼ੂਰੀਏ ਸਿਖ ਸੀਸ ਦੇ ਕੇ ਮੁੜ ਸੁਰਜੀਤ ਨਹੀਂ ਹੋ ਸਕਦੇ ਹਨ ?

ਜਿਸ ਗੁਰੂ ਜੀ ਦੇ ਹਜ਼ੂਰੀਏ ਸਿਖ ਗੁਰੂ ਦਾ ਥਾਪੜਾ ਲੈ ਕੇ ਹਾਥੀ ਨਾਲ ਟੱਕਰ ਲੈ ਸਕਦੇ ਹਨ, ਉਸ ਨਾਲ ਕਈ ਘੰਟੇ ਲੜ ਕੇ ਉਸ ਜੰਗਲੀ ਜਾਨਵਰ ਦਾ ਮੂੰਹ ਮੋੜ ਸਕਦੇ ਹਨ, ਅਜਿਹੇ ਸਿੱਖਾਂ ਦੇ ਗੁਰੂ ਸਾਹਿਬ ਉਹਨਾ ਸਿਖਾਂ ਨੂੰ ਝਟਕਾ ਕੇ, ਮੁਕਤ ਦਾਨ ਦੇਕੇ, ਪੰਜ ਪਿਆਰਿਆਂ ਦਾ ਖ਼ਤਾਬ ਦੇਣ ਦੇ ਸਮਰੱਥ ਵੀ ਹੋ ਸਕਦੇ ਹਨ।

ਜਿਸ ਗੁਰਦੇਵ ਜੀ ਦੇ ਬੇਦਾਵੀਏ ਸਿੱਖ ਆਪਣਾ ਖੂਨ ਦੇ ਕੇ ਬੇਦਾਵਾ ਪੜਵਾ ਸਕਦੇ ਹਨ, ਉਸ ਗੁਰੂ ਨੇ ਖਾਲਸਾ ਸਾਜਣ ਵੇਲੇ ਮੰਗੇ ਹੋਏ ਸੀਸਾਂ ਨੂੰ ਝਟਕਾ ਕੇ, ਨਵ ਜਨਮ ਬਖਸ਼ਕੇ ਉਹਨਾਂ ਦੇ ਪਵਿਤਰ ਤੇ ਕੁਰਬਾਨੀ ਵਾਲੇ ਖ਼ੂਨ ਉਤੇ ਹੀ ਖਾਲਸਾ ਪੰਥ ਦੀ ਨੀਂਹ ਰਖੀ ਹੋਵੇਗੀ।

ਜਿਹੜੇ ਸਤਿਗੁਰੂ ਪੰਜਾਂ ਨੂੰ ਅੰਮ੍ਰਿਤ ਪਿਲਾਕੇ, ਪੰਜਾਂ ਤੋਂ ਹੀ ਅੰਮ੍ਰਿਤ ਦੀ ਦਾਤ ਮੰਗਦੇ ਹਨ, ਉਹਨਾਂ ਨੂੰ ਗੁਰੂ ਨੇ ਆਪਣੇ ਖੰਡੇ ਦੀ ਸ਼ਕਤੀ ਨਾਲ ਜ਼ਰੂਰ ਮੁਕਤ ਕਰ ਲਿਆ ਹੋਵੇਗਾ। ਸੋ ਸਪਸ਼ਟ ਹੈ ਕਿ ਗੁਰੂ ਦਸ਼ਮੇਸ਼ ਪਿਤਾ ਨੇ, ਹਾਂ ਜੀ! ਖੜਗੇਸ਼ ਪਿਤਾ ਨੇ, ਖਾਲਸਾ ਪੰਥ ਦੀ ਨੀਂਹ ਆਪਣੇ ਪੜਦਾਦੇ; ਪਿਤਾ, ਪੰਜ ਪਿਆਰਿਆਂ ਤੇ ਬਚਿਆਂ ਦੇ ਖ਼ੂਨ ਉਤੇ ਹੀ ਰਖੀ ਹੋਵੇਗੀ ਨਾ ਕਿ ਪੰਜ ਬਕਰਿਆਂ ਦੇ ਖ਼ੂਨ ਉਤੇ। www.AKJ.org (ਚਲਦਾ)

# ਅੰਮ੍ਰਿਤ ਛਕੇ ਬਿਨਾਂ ਸੱਚ ਮੁਚ ਢੋਈ ਨਹੀਂ

( ਭਾਈ ਮਨਮੋਹਨ ਸਿੰਘ ਜੀ M.Sc. ਪਟਨਾ )

ਭਾਈ ਮਾਲਿਕ ਸਿੰਘ ਜੀ ਲਿਖਤ ਲੇਖ 'ਅੰਮ੍ਰਿਤ ਛਕੇ ਬਿਨਾਂ ਢੋਈ ਨਹੀਂ' (ਸੂਰਾ ਮਈ ੧੯੬੮) ਤੋਂ ਪ੍ਰਭਾਵਤ ਹੋਕੇ ਉਸੇ ਤਰਾਂ ਦੀ ਇਕ ਹੋਰ ਘਟਨਾ ਜੋ ਅਜ ਤੋਂ ਕੁਛ ਚਿਰ ਪਹਿਲੇ ਦਾਸ ਦੇ ਪੂਜਯ ਪਿਤਾ ਜੀ (ਸ੍ਰੀ ਮਾਸਟਰ ਸੁੰਦਰ ਸਿੰਘ ਜੀ ਜਲੰਧਰ) ਨੇ ਸੁਣਾਈ ਸੀ, ਪਾਠਕਾਂ ਦੀ ਦਿਲਚਸਪੀ ਲਈ ਅੰਕਿਤ ਕਰਦਾ ਹਾਂ:—

ਦਾਸ ਦੀ ਵਡੀ ਭੂਆ ਜੀ ਜੋ ਹੁਣ ਅਕਾਲ ਚਲਾਣਾ ਕਰ ਚੁਕੇ ਹਨ, ਬੜੇ ਹੀ ਸੁਸ਼ੀਲ ਅਤੇ ਪ੍ਰਭੂ ਭੈ ਵਾਲੇ ਸਨ। ਆਪਣੇ ਗ੍ਰਹਸਥ ਜੀਵਨ ਵਿਚ ਉਨਾਂ ਨੂੰ ਬਹੁਤ ਔਕੜਾਂ ਦਰਪੇਸ਼ ਆਈਆਂ ਪਰ ਹਰ ਹਾਲਤ ਵਿਚ ਆਪ ਜੀ ਨੇ ਸਤਿਗੁਰੂ-ਪ੍ਰਭੂ ਸ਼ਰਧਾ ਤੇ ਸੁਸ਼ੀਲਤਾ ਦਾ ਪੱਲਾ ਘੁਟ ਕੇ ਪਕੜੀ ਰਖਿਆ। ਪੜ੍ਹੇ ਲਿਖੇ ਉਹ ਬਿਲਕੁਲ ਨਹੀਂ ਸਨ। ਐਥੋਂ ਤਕ ਕਿ ਗੁਰਮੁਖੀ ਵੀ ਨਾਮ-ਮਾਤ੍ਰ ਹੀ ਜਾਣਦੇ ਸਨ। ਸਿਟੇ ਦੇ ਤੌਰ ਤੇ ਉਹ ਖੁਦ ਗੁਰਬਾਣੀ ਦਾ ਪਾਠ ਨਹੀਂ ਸੀ ਕਰ ਸਕਦੇ। ਫਿਰ ਵੀ ਉਨਾਂ ਦਾ ਮਨ ਸਤਿਗੁਰ ਪ੍ਰੇਮ ਵਿਚ ਭਿੱਜਾ ਹੋਣ ਕਰਕੇ ਉਹ ਗੁਰਬਾਣੀ ਪਾਠ ਜਾਂ ਕੀਰਤਨ ਸੁਨਣ ਦੇ ਅਵਸਰਾਂ ਨੂੰ ਆਮ ਤੌਰ ਤੇ ਹਥੋਂ ਨਹੀਂ ਸੀ ਜਾਣ ਦਿੰਦੇ, ਕਿਸੇ ਮਹਾਂ ਪੁਰਸ਼ ਦੇ ਪ੍ਰਭਾਵ ਹੇਠ ਉਨਾਂ ਮੂਲ ਮੰਤਰ ਯਾਦ ਕਰਕੇ ਇਸ ਦੇ ਸਿਮਰਣ ਨੂੰ ਆਪਣੇ ਜੀਵਨ ਦਾ ਜ਼ਰੂਰੀ ਅੰਗ ਬਣਾ ਲਿਆ ਹੋਇਆ ਸੀ। ਪੂਜਯ ਪਿਤਾ ਜੀ (ਉਨਾਂ ਦੇ ਭਰਾਤਾ) ਨੇ ਜਦ ਕਦੇ ਵੀ ਉਨਾਂ ਨੂੰ ਅੰਮ੍ਰਿਤ ਛਕਣ ਲਈ ਪਰੇਰਨਾ ਕਰਨੀ ਤਾਂ ਉਨਾਂ ਐਵੇਂ ਟਾਲ ਮਟੋਲ ਕਰ ਛਡਨੀ। ਉਨਾਂ ਦਾ ਖਿਆਲ ਕੁਝ ਇਹ ਸੀ ਕਿ ਅਨਪੜ੍ਹ ਹੋਣ ਕਰਕੇ ਉਹ ਅੰਮ੍ਰਿਤ ਛਕਣ ਵੇਲੇ ਦਰਸਾਏ ਦ੍ਰਿੜਾਏ ਗੁਰ ਹੁਕਮਾਂ ਨੂੰ ਸ਼ਾਇਦ ਨਾ ਨਿਭਾਹ ਸਕਣ। ਜਾਂ ਸ਼ਾਇਦ ਉਂਜ ਹੀ ਅੰਮ੍ਰਿਤ ਛਕਣ ਨੂੰ ਜ਼ਰੂਰੀ ਨਾ ਸਮਝਦੇ ਹੋਣ। ਖੈਰ ! ਉਨ੍ਹਾਂ ਮੂਲ ਮੰਤ੍ਰ ਦਾ ਸਿਮਰਣ ਨਿਤਨੇਮ ਸਦਾ ਹੀ ਜਾਰੀ ਰਖਿਆ। ਕਾਫ਼ੀ ਚਿਰ ਤੋਂ ਵਿਧਵਾ ਜੀਵਨ ਬਤੀਤ ਕਰ ਰਹੇ ਸਨ ਅਤੇ ਉਨਾਂ ਦੀ ਨਿਮਰਤਾ, ਮਿਠਬੋਲੜਾ ਸੁਭਾਵ ਅਤੇ ਮੂਲ ਮੰਤ੍ਰ ਸਿਮਰਣ-ਇਹ ਤਿੰਨੇ ਗੁਣ ਸਦਾ ਹੀ ਉਨਾਂ ਦੇ ਸੰਗ ਰਹੇ।

ਇਕ ਦਿਨ ਸਵੇਰ ਸਾਰ ਅਚਾਨਕ ਹੀ ਉਨਾਂ ਨੇ ਆਪਣੇ ਭਰਾਤਾ (ਦਾਸ ਦੇ ਪਿਤਾ) ਜੀ ਨੂੰ ਕਿ ਕਿਸੇ ਅਜੀਬ ਤੇ ਅਨੋਖੀ ਖਿੱਚ ਤੇ ਤੜਪ ਨਾਲ ਕਿਹਾ "ਭਰਾ ਜੀ ! ਛੇਤੀ ਹੀ ਮੈਨੂੰ ਅੰਮ੍ਰਿਤ ਛਕਾਉਣ ਦਾ ਪ੍ਰਬੰਧ ਕਰਵਾ ਦੇਵੋ। ਕੀ ਪਤਾ, ਕਿੰਨੇ ਕੁ ਸੁਆਸ ਬਾਕੀ ਹਨ।" ਪਿਤਾ ਜੀ ਹੈਰਾਨ ਰਹਿ ਗਏ ਕਿ ਜਿਥੇ ਅਗੇ ਉਨਾਂ ਦੇ ਪਰੇਰਨਾ ਕਰਨ ਤੇ ਵੀ ਉਹ ਅੰਮ੍ਰਿਤ ਛਕਣ ਲਈ ਤਿਆਰ ਨਹੀਂ ਸਨ ਹੁੰਦੇ ਹੁਣ ਕਿਸਤਰ੍ਹਾਂ ਉਨ੍ਹਾਂ ਦੇ ਮਨ ਵਿਚ ਇਹ ਪਰੀਵਰਤਨ ਆ ਗਿਆ ਤੇ ਐਨੀ ਤੀਬਰਤਾ ਉਪਜ ਪਈ ਹੈ ? ਬਹੁਤਾ ਪੁਛਣ ਤੇ ਭੂਆ ਜੀ ਨੇ ਕੁਝ ਇਸ ਤਰਾਂ ਦੇ ਬਚਨ ਕਹੇ:— *

www.AKJ.Org

# ਰੈਜ਼ੂਲੇਸ਼ਨ

ਸ੍ਰੀ ਗੁਰੂ ਨਾਨਕ ਸਤਿ ਸੰਗ ਸਭਾ, ੧੭ ਵਿਲਕਿਨਸਨ ਰੋਡ, ਸਿੰਘਾਪੁਰ ਦੀ ਅੰਤ੍ਰਿੰਗ ਕਮੇਟੀ ਵਿਚ ਹੇਠ ਲਿਖਿਆ ਰੈਜ਼ੂਲੇਸ਼ਨ ਸਰਬ ਸੰਮਤੀ ਨਾਲ ਪ੍ਰਵਾਨ ਹੋਇਆ :—

ਸ੍ਰੀ ਗੁਰੂ ਨਾਨਕ ਸਤਿ ਸੰਗ ਸਭਾ ਸਿੰਘਾਪੁਰ ਇਸ ਗਲ ਤੇ ਬੜਾ ਦੁਖ ਮਹਿਸੂਸ ਕਰਦੀ ਹੈ ਕਿ ਕਈ ਦੇਸਾਂ ਵਿਚ ਕੇਸ-ਦਾੜ੍ਹੀਆਂ ਵਾਲਿਆਂ ਨਾਲ ਨੌਕਰੀਆਂ ਆਦਿ ਦੇਣ ਸਮੇਂ ਜੋ ਵਿਤਕਰੇ ਭਰਿਆ ਸਲੂਕ ਕੀਤਾ ਜਾਣ ਲਗਾ ਹੈ। ਸਭਾ ਇਸ ਵਿਤਕਰੇ ਦੀ ਨਿਖੇਧੀ ਕਰਦਿਆਂ ਬੇਨਤੀ ਕਰਦੀ ਹੈ ਕਿ ਐਸਾ ਵਿਤਕਰਾ ਜਲਦੀ ਤੋਂ ਜਲਦੀ ਬੰਦ ਕੀਤਾ ਜਾਵੇ। ਕਿਸੇ ਕੌਮ ਦੇ ਧਾਰਮਕ ਚਿਨ੍ਹਾਂ ਤੇ ਪਾਬੰਦੀ ਲਗਣੀ ਮਨੁਖਤਾ ਦੇ ਹੱਕਾਂ ਤੇ ਛਾਪਾ ਮਾਰਨਾ ਹੈ।

ਅਜ ਦੀ ਇਕਤ੍ਰਤਾ ਮੰਗ ਕਰਦੀ ਹੈ ਕਿ ਜਿਵੇਂ ਦੂਜੇ ਧਰਮਾਂ ਦੇ ਲੋਕਾਂ ਨੂੰ ਧਾਰਮਕ ਨਿਯਮਾਂ ਪੁਰ ਚਲਣ ਤੋਂ ਨਹੀਂ ਰੋਕਿਆ ਜਾਂਦਾ, ਇਸੇ ਪ੍ਰਕਾਰ ਸਿੰਘਾਂ ਨੂੰ ਵੀ ਕੌਮੀ ਵਰਦੀ ਵਿਚ ਰਹਿੰਦਿਆਂ ਬਰਾਬਰੀ ਦਾ ਦਰਜਾ ਦਿਤਾ ਜਾਵੇ।

ਉਪਰੋਕਤ ਸਭਾ ਦੀ ਅੰਤ੍ਰਿੰਗ ਕਮੇਟੀ ਮਿਤੀ ੧੪-੪-੬੮ ਵਿਚ ਭਾਰਤੀ ਫ਼ਿਲਮਾਂ ਦੇ ਉਨ੍ਹਾਂ ਸੀਨਾਂ ਸਬੰਧੀ ਵਿਚਾਰ ਹੋਇਆ ਜਿਨ੍ਹਾਂ ਦੁਆਰਾ ਸਿਖ ਧਰਮ ਦਾ ਅਪਮਾਨ ਕੀਤਾ ਜਾਂਦਾ ਹੈ, ਇਸ ਦੀ ਫ਼ੌਰੀ ਰੋਕ ਥਾਮ ਕਰਨ ਲਈ ਹੇਠ ਲਿਖਿਆ ਮੱਤਾ ਸਰਬ ਸੰਮਤੀ ਨਾਲ ਪ੍ਰਵਾਨ ਕੀਤਾ ਗਿਆ:—

(੧) ਹਿੰਦ ਸ਼ਰਕਾਰ ਫ਼ਿਲਮ ਸੈਂਸਰ ਬੋਰਡ ਵਿਚ ਇਕ ਸਿਖ ਮੈਂਬਰ ਨੀਯਤ ਕਰੇ, ਜੋ ਸਿਖ ਮ੍ਰਯਾਦਾ ਦੀ ਰੋਸ਼ਨੀ ਵਿਚ ਫਿਲਮਾਂ ਨੂੰ ਪਾਸ ਕਰਾਉਣ ਹਿਤ ਰਾਏ ਦਿਤਾ ਕਰੇ।

(੨) ਹਿੰਦ ਸਰਕਾਰ ਫ਼ਿਲਮ ਪ੍ਰੋਡੀਊਸਰਾਂ ਨੂੰ ਹਦਾਇਤ ਕਰੇ ਕਿ ਕਿਸੇ ਸਿਖ ਦਾ ਸੀਨ ਪੇਸ਼ ਕਰਦਿਆਂ ਸਿਖਾਂ ਦੇ ਧਾਰਮਕ ਜਜ਼ਬਾਤ ਦਾ ਖ਼ਾਸ ਖ਼ਿਆਲ ਰਖਿਆ ਜਾਵੇ।

ਸਕੱਤ੍ਰ

ਸ੍ਰੀ ਗੁ: ਨਾ. ਸ. ਸੰ:, ਕਾਤੋਂਗ, ਸਿੰਘਾਪੁਰ

---

* 'ਭਰਾ ਜੀ! ਮੈਂ ਨਕੋਦਰ ਸਿੰਘ ਸਭਾ ਦੇ ਗੁਰਦੁਆਰੇ ਵਿਚ ਅੰਮ੍ਰਿਤ ਵੇਲੇ ਪੰਜ ਵਜੇ ਸ੍ਰੀ ਸੁਖਮਣੀ ਸਾਹਿਬ ਦਾ ਪਾਠ ਸੁਣ ਰਹੀ ਸਾਂ ਕਿ ਅਚਾਨਕ ਹੀ ਗੁਰਦੁਆਰੇ ਦੇ ਵਿਰਾਂਡੇ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੀਲੇ ਘੋੜੇ ਤੇ ਸਵਾਰ, ਨਜ਼ਰੀ ਪਏ। ਮੈਂ ਦਰਸ਼ਨ ਦੀ ਤਾਂਘ ਵਿਚ ਬਾਵਲੀ ਹੋਈ ਹੋਈ ਤੇ ਸਤਿਗੁਰ ਸਚੇ ਪਾਤਸ਼ਾਹ ਜੀ ਦੀ ਚਰਨ ਛੋਹ ਪ੍ਰਾਪਤ ਕਰਨ ਲਈ ਕਾਹਲੀ ਕਾਹਲੀ ਗਈ। ਆਪਣਾ ਸੀਸ ਸਤਿਗੁਰੂ ਦੇ ਪਾਵਨ ਚਰਨਾਂ ਤੇ ਰਖਣ ਹੀ ਲਗੀ ਸਾਂ ਕਿ ਉਨ੍ਹਾਂ ਨੇ ਹੁਕਮ ਕੀਤਾ—ਬੀਬੀ! ਤੂੰ ਸਾਥੋਂ ਦੂਰ ਰਹੁ ਕਿਉਂਕਿ ਤੂੰ ਅੰਮ੍ਰਿਤ ਨਹੀਂ ਛਕਿਆ ਹੋਇਆ, ਤੂੰ ਸਾਡੇ ਨੇੜੇ ਨਹੀਂ ਆ ਸਕਦੀ—ਇਨਾਂ ਕਹਿਕੇ ਉਹ ਅਲੋਪ ਹੋ ਗਏ। ਇਸੇ ਲਈ ਤੁਹਾਨੂੰ ਛੇਤੀ ਹੀ ਮੇਰੇ ਅੰਮ੍ਰਿਤ ਛਕਣ ਦਾ ਪ੍ਰਬੰਧ ਕਰਨ ਲਈ ਕਹਿ ਰਹੀ ਹਾਂ।'

ਇਸ ਤਰਾਂ ਸਤਿਗੁਰੂ ਜਾਣੀ ਜਾਣ ਨੇ ਆਪ ਕਿਰਪਾ ਕਰ ਕੇ ਸੱਚੀ ਜਗਿਆਸਾ ਅਵਸਥਾ ਵਾਲੇ ਭੂਆ ਜੀ ਨੂੰ ਖੰਡੇ ਦੀ ਪਾਹੁਲ ਛਕਣ ਲਈ ਪਰੇਰਨ ਦੀ ਬਿਧੀ ਬਨਾਈ ਤਾਕਿ ਉਹ ਨਿਰਮਲ ਆਤਮਾ ਸੱਚੀ ਦਰਗਾਹ ਵਿਚ ਪਰਵਾਨ ਹੋ ਸਕੇ। ਇਸ ਘਟਨਾ ਤੋਂ ਵੀ ਸਪਸ਼ਟ ਹੁੰਦਾ ਹੈ ਕਿ ਅੰਮ੍ਰਿਤ (ਖੰਡੇ ਦੀ ਪਾਹੁਲ) ਛਕਣਾ ਕਿੰਨਾ ਜ਼ਰੂਰੀ ਹੈ।


www.AKJ.org

# ਰਹਿਬਰ ਦਸਮੇਸ਼ ਨੂੰ

[ ਵਲੋਂ—ਭਾਈ ਗੁਰਮੀਤਪਾਲ ਸਿੰਘ ਜੀ "ਵਾਰਿਸ" ਭੂੰਦੀਆਂ (ਜਲੰਧਰ) ]

ਬਾਜਾਂਵਾਲਿਆ ਦੇਸ਼ ਦੇ ਰਹਿਬਰਾ ਵੇ, ਲੱਖਾਂ ਪੂਰਨੇ ਦੇਸ਼ ਲਈ ਪਾਏ ਸੀ ਤੈਂ।
ਵਾਹ ਵਾਹ ਭਰੇ ਖ਼ਜ਼ਾਨੇ ਤੈਂ ਕੌਮ ਵਾਲੇ, ਭਾਵੇਂ ਆਪਣੇ ਲਾਲ ਲੁਟਾਏ ਸੀ ਤੈਂ।
ਇਕ ਇਕ ਪੈਰ 'ਚ ਸੌ ਸੌ ਸੀ ਛਾਲਾ, ਫਿਰ ਵੀ ਮੂੰਹੋਂ ਨਾ ਆਖਿਆ ਹਾਏ ਸੀ ਤੈਂ।
ਮੇਰਾ ਦੇਸ਼ ਤਾਂ ਜੋ ਠੰਢੀ ਛਾਂ ਮਾਣੇ, ਸਾਂਝੀਵਾਲਤਾ ਦੇ ਬੂਟੇ ਲਾਏ ਸੀ ਤੈਂ।

ਬਾਜ਼ਾਂ ਵਾਲਿਆ ਤੈਂ ਹੀ ਇਹ ਦਸਿਆ ਸੀ, ਜੇਕਰ ਖਾਲਸਾ ਪੰਥ ਸਜਾਇਆ ਨਾ ਜਾਏ
ਸਵਾ ਲੱਖ ਨੂੰ ਅੰਮ੍ਰਿਤ ਪਾਨ ਦੇ ਕੇ, ਜੇਕਰ ਲੱਖ ਦੇ ਨਾਲ ਲੜਾਇਆ ਨਾ ਜਾਏ
ਜੇਕਰ ਚਿੜੀਆਂ ਤੋਂ ਬਾਜ ਤੁੜਾਇਆ ਨਾ ਜਾਏ, ਤੇ ਗਿਦੜਾਂ ਤੋਂ ਸ਼ੇਰ ਮਰਵਾਇਆ ਨਾ ਜਾਏ
ਜੇਕਰ ਜ਼ੁਲਮ ਦੇ ਝੱਖੜ ਨਾ ਰੋਕ ਸਕਾਂ, ਤਾਂ ਮੈਥੋਂ ਗੋਬਿੰਦ ਸਿੰਘ ਨਾਮ ਕਹਾਇਆ ਨਾ ਜਾਏ

ਰੱਬੀ ਰਮਜ਼ ਸਮਝਾਈ ਤੈਂ ਖਾਲਸੇ ਨੂੰ, ਅਣਖ ਬਾਝ ਨਹੀਂ ਅਣਖੀ ਕਹਾ ਹੁੰਦਾ।
ਪੀਲੇ ਪਏ ਗੁਲਾਮੀ ਦੇ ਬੂਟਿਆਂ ਤੇ, ਕੁਰਬਾਨੀ ਬਾਝ ਨਹੀਂ ਰੰਗ ਚੜ੍ਹਾ ਹੁੰਦਾ।
ਆਪਣੇ ਮਹਿਲਾਂ ਦਾ ਜਦ ਤਾਈਂ ਫ਼ਿਕਰ ਡਾਢਾ, ਝੁੱਗਾ ਕਿਸੇ ਦਾ ਨਹੀਂ ਵਸਾ ਹੁੰਦਾ।
ਬਿਨਾਂ ਤੇਗ ਦੀ ਨੋਕ ਤੇ ਆਸ਼ਕਾਂ ਤੋਂ, ਨਹੀਂ ਗੀਤ ਆਜ਼ਾਦੀ ਦਾ ਗਾ ਹੁੰਦਾ।

ਦਰਦਮੰਦਾਂ ਦਿਆ ਦਰਦੀ ਪ੍ਰੀਤਮਾਂ ਵੇ, ਸਾਡਾ ਤੁੱਧ ਬਿਨ ਦਰਦ ਵੰਡਾਏ ਕਿਹੜਾ
ਜਾਨਾਂ ਵਾਰ ਬੇਜਾਨਾਂ ਦੀ ਜਾਨ ਉਤੋਂ, ਸਾਡੀ ਜਾਨ ਅੰਦਰ ਜਾਨ ਪਾਏ ਕਿਹੜਾ
ਲਾਲ ਦੇਸ਼ ਦੇ ਲੱਖਾਂ ਬਚਾਵਣੇ ਲਈ, ਲਾਲ ਜਿਗਰ ਦੇ ਹੋਰ ਲੁਟਾਏ ਕਿਹੜਾ
ਸੇਜਾਂ ਮਖ਼ਮਲੀ ਛੱਡ ਕੇ ਬਾਝ ਤੇਰੇ, ਮਾਛੀਵਾੜੇ ਜਾ ਕੰਡੇ ਵਿਛਾਏ ਕਿਹੜਾ

ਤੇਰੀ ਮੰਜ਼ਿਲ ਤੋਂ ਦੇਸ਼ ਦਿਆ ਰਹਿਬਰਾ ਵੇ, ਪਾਪ ਜ਼ੁਲਮ ਨਾ ਸਕਿਆ ਮੋੜ ਤੈਨੂੰ।
ਗੁਜਰੀ ਮਾਂ ਦੇ ਚਾਨਣ ਮੁਨਾਰਿਆ ਵੇ, ਨਹੀਂ ਸੀ ਲਾਲਾਂ ਜਵਾਹਰਾਂ ਦੀ ਲੋੜ ਤੈਨੂੰ।
ਮੈਨੂੰ ਯਾਦ ਹੈ ਤਖ਼ਤ ਤੇ ਤਾਜ ਵੀ ਸੀ, ਨਹੀਂ ਸੀ ਤਖ਼ਤਾਂ ਤੇ ਤਾਜਾਂ ਦੀ ਥੋੜ ਤੈਨੂੰ।
ਰਿਹੋਂ ਸੌਂਦਾ ਤਾਂ ਵੀ ਇੱਟਾਂ ਰੋੜਿਆਂ ਤੇ, ਭਲਾ ਚੁਭਦੇ ਨਹੀਂ ਸੀ ਰੋੜ ਤੈਨੂੰ ?

ਤਰਲਾ ਸੁਣ ਕੇ ਰਹਿਬਰ ਕਹਿਣ ਲਗੇ, ਸਾਰੇ ਕਸ਼ਟ ਇਹ ਜਾਣਗੇ ਭੁਲ ਮੈਨੂੰ
ਸਦਾ ਵਾਸਤੇ ਖਿੜੀ ਗੁਲਜ਼ਾਰ ਰਹਿਸੀ, ਦਿਸਦੇ ਰਹਿਣਗੇ ਹੱਸਦੇ ਫੁੱਲ ਮੈਨੂੰ
ਖ਼ਿਜ਼ਾਂ ਤੱਕਾਂ ਨਾ ਹਿੰਦ ਦੇ ਬਾਗ਼ ਅੰਦਰ, ਆਵੇ ਨਜ਼ਰ ਨਾ ਸੁੱਕਾ ਕੋਈ ਗੁੱਲ ਮੈਨੂੰ
ਹੋਸੀ ਜਦੋਂ ਇਹ ਹਿੰਦ ਅਜ਼ਾਦ ਮੇਰਾ, ਸੜਿਓਂ ਸੋਨੇ ਦਾ ਮਿਲ ਜਾਊ ਮੁੱਲ ਮੈਨੂੰ

www.AKJ.Org




( ਇਕ ਗੁਰਮਤਿ ਖੋਜੀ ਦੀ ਕਲਮ ਤੋਂ )

ਪ੍ਰਸ਼ਨ—ਜਦ ਗੁਰੂ ਘਰ ਵਿਚ ਅੰਮ੍ਰਿਤ ਇਕ ਹੀ ਹੈ ਤਾਂ ਆਪ ਇਸ 'ਪ੍ਰੇਮ-ਅਖਾੜੇ' ਤੋਂ ਅੰਮ੍ਰਿਤ ਪੀਣ ਨੂੰ ਕਿਉਂ ਮਹਾਨਤਾ ਦਿੰਦੇ ਹੋ ? ਕੀ ਬਾਕੀ ਜਥਿਆਂ ਜਾਂ ਸੰਸਥਾਵਾਂ ਵਲੋਂ ਛਕਾਇਆ ਅੰਮ੍ਰਿਤ ਅੰਮ੍ਰਿਤ ਘਟੀਆ ਹੈ ? (ਇਕ ਪਾਠਕਾ ਫੈਜ਼ਾਬਾਦ)

ਉਤਰ—ਮੇਰੀ ਗੁਰਮੁਖ ਸਖੀ ! ਗੁਰੂ ਘਰ ਵਿਚ ਅੰਮ੍ਰਿਤ ਇਕ ਹੀ ਹੈ। ਜਿੱਥੇ ੧੬੯੯ ਈਸਵੀ ਦੀ ਵਿਸਾਖੀ ਤਕ ਚਰਨ-ਪਹੁਲ ਦੀ ਰੀਤ ਪ੍ਰਚੱਲਤ ਰਹੀ, ਉਥੇ ਵਿਸਾਖੀ ਵਾਲੇ ਦਿਨ ਤੋਂ ਸ੍ਰੀ ਦਸਮੇਸ਼ ਪਿਤਾ ਨੇ ਪੰਜ ਪਿਆਰਿਆਂ ਨੂੰ ਖੰਡੇ ਦਾ ਅੰਮ੍ਰਿਤ ਪਿਲਾ ਕੇ—ਇਸ ਮਰਯਾਦਾ ਨੂੰ ਜੁਗੋ ਜੁਗ ਅਟੱਲ ਬਣਾ ਦਿਤਾ ਕਿ ਹੁਣ ਤੋਂ ਪੰਜ ਪਿਆਰੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਅੰਮ੍ਰਿਤ ਨਾਮ ਦੇਣ ਦੇ, ਅੰਮ੍ਰਿਤ ਨਾਮ ਦ੍ਰਿੜਾਉਣ ਦੇ ਅਧਿਕਾਰੀ ਹੋਣਗੇ ।

ਪਰ ਕਲਜੁਗ ਵਿਚ ਬਹੁਤ ਦਾਵਾਂ ਤੇ ਮਾਇਆ ਦਾ ਹੀ ਬੋਲ ਬਾਲਾ ਹੈ । ਆਮ ਜਥਿਆਂ ਵਿਚ ਅੰਮ੍ਰਿਤ ਛਕਾਉਣ ਵੇਲੇ—

(ੳ) ਬੁੱਤਾ ਹੀ ਪੂਰਾ ਕੀਤਾ ਜਾਂਦਾ ਹੈ ।

(ਅ) ਸਵਾ ਜਾਂ ਢਾਈ ਰੁਪੈ ਅੰਮ੍ਰਿਤ-ਛੱਕਣ ਵਾਲਿਆਂ ਤੋਂ ਮੰਗੇ ਜਾਂਦੇ ਹਨ ।

(ੲ) ਕੇਵਲ ਨਾਮ ਦਿਤਾ ਜਾਂਦਾ ਹੈ, ਜਪਣ ਢੰਗ ਦ੍ਰਿੜ ਨਹੀਂ ਕਰਾਇਆ ਜਾਂਦਾ ।

(ਸ) ਅੰਮ੍ਰਿਤ-ਛਕਣ ਵਾਲਿਆਂ ਨੂੰ ਕਈ ਵਾਰੀ ਬਿਨਾਂ ਪੂਰੀ ਰਹਿਤ ਦੇ ਅੰਮ੍ਰਿਤ ਛੱਕਾ ਦਿਤਾ ਜਾਂਦਾ ਹੈ ।

(ਹ) ਅੰਮ੍ਰਿਤ ਛਕਾਉਣ ਵਾਲੇ ਪੰਜ ਪਿਆਰੇ ਕੇਵਲ ਉਸ ਵੇਲੇ ਹੀ ਪੂਰੀ ਰਹਿਤ ਰਖਦੇ ਹਨ, ਅਗੋਂ ਪਿਛੋਂ ਢਿੱਲੜ ਤੇ ਸੁਖ-ਰਹਿਣੀਏ ਸਿੱਖ ਹੀ ਬਣੇ ਰਹਿੰਦੇ ਹਨ ।

(ਕ) ਬਹੁਤੇ ਜਥਿਆਂ ਵਿਚ ਝਟਕੇ ਦੇ ਨਾ ਤੇ ਕੁਠਾ ਖਾਣ ਵਾਲੇ ਢਿੱਲੜ ਸਿੱਖ ਹੀ ਪੰਜ ਪਿਆਰੇ ਬਣ ਜਾਂਦੇ ਹਨ ।

(ਖ) ਪੰਜ ਕਕਾਰੀ ਰਹਿਤ ਦਸਦੇ ਹੀ ਨਹੀਂ ।

ਭਲਾ ਸੋਚੋ ! ਅਜਿਹੀ ਹਾਲਤ ਵਿਚ ਅੰਮ੍ਰਿਤ ਪੀਣ ਵਾਲਿਆਂ ਨੂੰ ਕੀ ਸੁਆਦ ਆਉਣਾ ਹੈ ? ਪਰ ਤੁਸੀਂ ਸੱਚ ਮੰਨੋ ਕਿ ਇਸ 'ਪ੍ਰੇਮ-ਅਖਾੜੇ' ਜਿਹੀ

www.AKJ.Org

ਉਚੀ ਸੁਚੀ ਤੇ ਲਾਲਚ-ਰਹਿਤ ਮਰਯਾਦਾ ਸਾਰੀ ਦੁਨੀਆਂ ਵਿਚ ਕਿਤੇ ਕਿਤੇ ਹੀ ਹੈ।

ਪ੍ਰਸ਼ਨ—ਕੀ ਗੁਰੂ ਕੇ ਲੰਗਰ ਨੂੰ ਕਿਰਪਾਨ ਭੇਟ ਕਰਨੀ ਚਾਹੀਦੀ ਹੈ? (ਇਕ ਪਾਠਕ ਕਾਨਪੁਰ)

ਉਤਰ—ਜੇ ਪੂਰੀ ਮਰਯਾਦਾ ਅਨੁਸਾਰ ਬਿਬੇਕਕੀ ਲੰਗਰ ਹੋਵੇ ਤਾਂ ਅਰਦਾਸ ਕਰਕੇ ਕਿਰਪਾਨ ਭੇਟ ਕਰਨੀ ਯੋਗ ਹੈ।

ਪ੍ਰਸ਼ਨ—ਇਕ ਅੰਮ੍ਰਿਤਧਾਰੀ ਸਿੰਘ ਨੂੰ ਬੇ ਅੰਮ੍ਰਿਤੀਏ ਜਾਂ ਪਤਿਤ ਸਿੱਖ ਤੋਂ ਕੀ ਅੰਨ ਪਾਣੀ ਛਕ ਲੈਣਾ ਚਾਹੀਦਾ ਹੈ ?

ਉਤਰ—ਜੇ ਇਕ ਅੰਮ੍ਰਿਤਧਾਰੀ ਸਿੰਘ ਬਿਬੇਕੀ ਨਾ ਹੋਵ ਤਾਂ ਵੀ ਉਸ ਨੂੰ ਏਨਾਂ ਕੁ ਪਰਹੇਜ਼ ਰਖਣਾ ਚਾਹੀਦਾ ਹੈ ਕਿ ਉਹ ਬਾਜ਼ਾਰੀ ਹੋਟਲਾਂ ਤੋਂ ਕੁਝ ਨਾ ਖਾਵੇ। ਫਲ ਸਬਜ਼ੀਆਂ ਖਾ ਸਕਦਾ ਹੈ। ਮੇਰੇ ਖਿਆਲ ਵਿਚ ਬੇ ਅੰਮ੍ਰਿਤੀਆਂ ਜਾਂ ਪਤਿਤਾਂ ਤੋਂ ਖਾਣ-ਪੀਣ ਨਾਲ ਭਾਵੇਂ ਅਸੀਂ ਸਿਖ ਬਣੇ ਰਹੀਏ ਪਰ ਨਾਮ-ਰਸੀਏ ਗੁਰਸਿੱਖ ਨਹੀਂ ਬਣ ਸਕਦੇ। ਕਿਉਂਕਿ ਅੰਮ੍ਰਿਤ ਨਾਮ ਦਾ ਸੁਆਦ ਤੇ ਬਿਖਈ ਚੀਜ਼ਾਂ ਦਾ ਸੁਆਦ ਇਕੋ ਭਾਂਡੇ (ਸਰੀਰ) ਵਿਚ ਨਹੀਂ ਰਹਿ ਸਕਦਾ।

ਪ੍ਰਸ਼ਨ—ਕੀ ਠਾਠੀ ਬੰਨ੍ਹ ਕੇ ਗੁਰੂ ਮਹਾਰਾਜ ਦੀ ਤਾਬਿਆ ਪਾਠ ਕਰਨਾ ਮਰਯਾਦਾ ਦੇ ਉਲਟ ਹੈ ?

ਉਤਰ—ਦਾੜ੍ਹਾ ਪਰਕਾਸ਼ ਕਰਕੇ ਪਾਠ ਕੀਤਾ ਜਾਵੇ । ਠਾਠੀ ਬੰਨ ਕੇ ਪਾਠ ਕਰਦਾ ਸੰਗਤ ਸਾਹਮਣੇ ਸੋਭਦਾ ਨਹੀਂ, ਭਾਵੇਂ ਨਿਜੀ ਤੌਰ ਤੇ ਵਾਕ ਲਿਆ ਜਾਵੇ।

ਪ੍ਰਸ਼ਨ—ਦਾਸ ਕਾਫੀ ਸਮੇਂ ਤੋਂ ਦੋ ਸ਼ਬਦਾਂ ਦਾ ਸਿਮਰਨ ਕਰਦਾ ਹੈ, ਪਰ ਸਿਮਰਨ ਤੇ ਮਨ ਨਹੀਂ ਟਿਕਦਾ। ਮੈਂ ਕੀ ਕਰਾਂ ?

(ਇਕ ਪਾਠਕ ਔਰੰਗਾਬਾਦ)

ਉਤਰ—ਗੁਰਬਾਣੀ ਦਾ ਸੁਆਸ ਸੁਆਸ ਸਿਮਰਨ ਨਹਾਂ ਹੋ ਸਕਦਾ। ਕੇਵਲ ਪੰਜ ਪਿਆਰਿਆਂ ਤੋਂ ਨਾਮ ਦ੍ਰਿੜ ਕਰਾਕੇ ਨਾਮ ਸਿਮਰਨ ਵਿਚ ਜੁਟਿਆਂ ਹੀ ਸੁਰਤੀ ਜੁੜ ਸਕਦੀ ਹੈ. ਉਹ ਵੀ ਜੇ ਚੰਗੇਰੇ ਭਾਗ ਹੋਣ ਤਾਂ।

ਪ੍ਰਸ਼ਨ—ਕੀ ਲੰਗਰ ਦੇ ਨਾਲ ਛਬੀਲ ਲਾਉਣਾ ਗੁਰਮਤਿ ਮਰਯਾਦਾ ਅਨੁਸਾਰ ਹੈ ? ਸ਼ਹੀਦੀ ਦਿਨ ਤੇ ਛਬੀਲ ਲਾਉਣੀ ਕਦੋਂ ਤੋਂ ਪ੍ਰਚਲਤ ਹੋਈ ?

ਉਤਰ—ਛਬੀਲ ਲਾਉਣੀ ਤਾਂ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਪਿਛੋਂ ਹੀ ਪ੍ਰਚਲਤ ਹੋਈ। ਪਰ ਛਬੀਲ ਲਾਉਣੀ ਤਾਂ ਹੀ ਸਫ਼ਲ ਹੈ ਜੇ ਬਿਬੇਕ ਮਰਯਾਦਾ ਦਾ ਖਿਆਲ ਰਖਿਆ ਜਾਵੇ। ਜੇ. ਪਿਤਾ ਗੁਰੂ ਅਰਜਨ ਦੇਵ ਜੀ ਕੇਵਲ ਗੁਰਮਤਿ ਦੇ ਕੁਝ ਅਸੂਲਾਂ ਲਈ ਸ਼ਹੀਦ ਹੋ ਸਕਦੇ ਹਨ, ਤਾਂ ਉਨਾਂ ਦੀ ਯਾਦ ਵਿਚ ਲਾਈ ਹੋਈ ਛਬੀਲ ਜਾਂ ਲੰਗਰ ਤਾਂ ਹੀ ਸਫਲ ਹੈ ਜੇ ਉਹ ਵੀ ਮਰਯਾਦਾ ਅਨੁਸਾਰ ਹੋਵੇ। ਉਂਝ ਤਾਂ ਪਸ਼ੂਆਂ ਦੀ ਤਰਾਂ ਢਿੱਡ ਹੀ ਭਰਨ ਵਾਲੀ ਗਲ ਹੈ।

**ਲੋੜ ਹੈ:**— ਖੰਨਾ ਨੇੜੇ ਇਕ ਤਜਰਬੇਕਾਰ, ਦਿਆਨਤਦਾਰ, ਜ਼ਮੀਨ ਦੇ ਮਾਮਲਿਆਂ ਤੋਂ ਜਾਣੂੰ ਮੈਨੇਜਰ ਜਾਂ ਮੁਖ਼ਤਿਆਰ ਦੀ ਲੋੜ ਹੈ।

ਸੁਰਿੰਦਰ ਸਿੰਘ
C/o Naiyot Form, Shivpura, Akal Garh
KOTA (Raj.)



www.AKJ.Org

# ਵਾਹਿਗੁਰੂ ਗੁਰੂ ਮੰਤ੍ਰ ਹੈ

( ਡਾ: ਦੇਵਿੰਦਰ ਸਿੰਘ ਜੀ ਲਸ਼ਕਰ )

ਭਾਈ ਸ: ਕਵਿ ਸੰਤੋਖ ਸਿੰਘ ਜੀ ਨੇ ਗੁਰ ਪ੍ਰਤਾਪ ਸੂਰਜ ਦੇ ਵਿਚ ਗੁਰਮੰਤ੍ਰ ਵਾਹਿਗੁਰੂ ਦਾ ਇਸ ਤਰਾਂ ਵਰਨਣ ਕੀਤਾ ਹੈ।

'ਵਾਹਿ' ਨਾਮ ਅਚਰਜ ਕੋ ਹੋਈ,
ਅਚਰਜ ਤੇ ਪਰਿ ਉਕਤਿ ਨ ਕੋਈ।
'ਗੋ' ਤਮ ਨਾਮੁ ਅਗਯਾਨ ਅਨਿਤ,
'ਰੋ' ਪ੍ਰਕਾਸ਼ ਕੀਓ ਜਿਨ ਚਿਤ
ਇਓ ਸ੍ਰੀ ਨਾਨਕ ਨਾਮ ਬਨਾਯੋ।
ਸੁਨ ਸ੍ਰੁਤਿ ਸੰਤਨ ਚਿਤ ਸੁਖ ਪਾਯੋ।
ਅਚਰਜ ਰੂਪ ਜਾਂ ਐਸੇ ਅਹੋ।
ਤਿਸ ਕੋ ਨਾਮ ਵਾਹਿ ਕਰਿ ਕਹੋ।

ਅਰਥ:—ਵਾਹਿ ਨਾਮ ਅਚਰਜ ਦਾ ਹੈ-ਅੰਤ ਅਚਰਜ ਤੋਂ ਪਰੇ ਬਾਣੀ ਜਾ ਨਹੀਂ ਸਕਦੀ।

'ਗੁ' ਨਾਮ ਹੈ ਅੰਧੇਰੇ ਦਾ ਅੰਤ ਉਹ ਅਨਿਤ ਹੈ ਤੇ ਅਗਯਾਨ ਦੇ ਰੂਪ ਵਿਚ ਲੋਗਾਂ ਦੇ ਮਨਾਂ ਤੇ ਛਾ ਰਿਹਾ ਹੈ।

'ਰੂ' ਨਾਮ ਪ੍ਰਕਾਸ਼ ਦਾ ਹੈ ਅਗਯਾਨ ਰੂਪ ਅੰਧੇਰ ਜੋ ਬਹੁਤੇ ਚਿਤਾਂ ਤੇ ਛਾਇਆ ਹੋਇਆ ਹੈ ਉਹ ਇਸ 'ਰੂ' ਪ੍ਰਕਾਸ਼ ਨਾਲ ਸਭ ਮਨਾਂ ਨੂੰ ਪ੍ਰਕਾਸ਼ਿਤ ਕਰ ਦੇਣ ਵਾਲਾ ਹੈ। ਤੇ ਅਗਯਾਨ ਰੂਪ ਅੰਧੇਰੇ ਦਾ ਨਾਸ਼ ਕਰਨ ਵਾਲਾ ਹੈ।

ਇਸਤਰਾਂ ਦਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵਾਹਿਗੁਰੂ ਨਾਮ ਬਨਾਯਾ ਹੈ ਜਿਸ ਨਾਮ ਨੂੰ ਕੰਨਾਂ ਨਾਲ ਸੁਨਕੇ ਸੰਤਾਂ ਦੇ ਚਿਤਾਂ ਨੇ ਸੁਖ ਪਾਇਆ ਹੈ।

ਅਚਰਜੁ ਕਿਛੁ ਕਹਣੁ ਨ ਜਾਈ ॥

ਵਾਹਿ ਅਚਰਜ ਦਾ ਨਾਮ ਹੈ।
ਵਾਹਿ ਉਸਨੂੰ ਕਿਹਾ ਜਾਂਦਾ ਹੈ ਜਿਸਦੀ ਉਪਮਾ ਕਥਨ ਮਾਤ੍ਰ ਤੋਂ ਪਰੇ ਹੋਵੇ।
ਵਾਹਿ ਉਸਨੂੰ ਕਿਹਾ ਜਾਂਦਾ ਹੈ ਜੋ ਅਤਿ ਸੁੰਦਰ ਹੈ, ਵਾਹਿ ਪਿਆਰ ਦਾ ਸਰੂਪ ਹੈ।
ਵਾਹਿ ਆਨੰਦ ਦਾ ਸਰੂਪ ਹੈ।

ਵਾਹਿ ਦਾ ਆਨੰਦ ਕੁਛ ਐਸਾ ਹੈ ਕਿ ਜਿਸਦਾ ਵਰਨਣ ਨਹੀਂ ਕੀਤਾ ਜਾ ਸਕਦਾ, ਇਸਨੂੰ ਸਿਮਰਣ ਕਰਨ ਵਾਲਾ ਇਸ ਅਨੰਦ ਨੂੰ ਅਨੁਭਵ ਕਰ ਸਕਦਾ ਹੈ, ਪਰ ਰਸਨਾ ਦਵਾਰਾ ਇਸਦਾ ਕਥਨ ਇਸ ਤਰਾਂ ਨਹੀਂ ਕਰ ਸਕਦਾ ਹੈ ਜਿਸ ਤਰ੍ਹਾਂ:

ਕਹੁ ਨਾਨਕ ਗੂੰਗੇ ਗੁੜ ਖਾਇਆ ਪੂਛੇ ਤੇ ਕਿਆ ਕਹੀਐ ॥

ਭਾਵ ਉਸ ਰਸ ਦਾ ਵਰਣਨ ਨਹੀਂ ਕਰ ਸਕਦਾ ਠੀਕ ਏਸੇ ਤਰ੍ਹਾਂ ਹੀ 'ਵਾਹਿ' ਜੋ ਮਨ ਬਾਣੀ ਤੋਂ ਪਰੇ ਹੈ ਇਸਦਾ ਕੋਈ ਨਾਮ ਪਤਾ ਨਹੀਂ ਦੇ ਸਕਦਾ ਕਿਉਂਕਿ ਜਿਥੋਂ ਤਕ ਮਨ ਬਾਣੀ ਦੀ ਪਹੁੰਚ ਹੈ ਅਸੀਂ ਓਥੋਂ ਤਕ ਹੀ ਵਰਣਨ ਕਰ ਸਕਦੇ ਹਾਂ ਅਗੇ ਦਾ ਨਹੀਂ।


www.AKJ.Org

ਪਰ ਕਦੀ ੨ ਐਸੀ ਅਵਸਥਾ ਆ ਜਾਂਦੀ ਹੈ ਕਿ ਜਦੋਂ ਮਨ ਅਪਣਾ ਕੰਮ ਕਰਨਾ ਬੰਦ ਕਰ ਦੇਂਦਾ ਹੈ, ਜਿਸ ਤਰ੍ਹਾਂ ਕਿ ਜਦੋਂ ਕੋਈ ਨਾਮ ਲੇਵਾ ਅਭਿਆਸ ਵਿਚ ਬੈਠਾ ਹੋਵੇ, ਅਤੇ ਅਭਿਆਸ ਕਰਦਿਆਂ ਸੁਰਤਿ ਮਨ ਬਾਣੀ ਨੂੰ ਹੇਠਾਂ ਛੋੜ ਦੇਂਦੀ ਹੈ ਅਤੇ ਦਸਮ ਦੁਆਰ ਵਿਚ ਜਾ ਟਿਕਦੀ ਹੈ, ਅਤੇ ਫਿਰ ਅੰਮ੍ਰਿਤ ਰੂਪੀ ਸਰੋਵਰ ਵਿਚੋਂ ਅੰਮ੍ਰਿਤ ਛਕ ਛਕ ਕੇ ਉਸ ਅੰਮ੍ਰਿਤ ਦੀ ਮਸਤੀ ਵਿਚ ਲੀਨ ਰਹਿੰਦੀ ਹੈ, ਉਸ ਵੇਲੇ ਉਸਦਾ ਸੰਬੰਧ ਸਰੀਰ ਤੇ ਮਨ ਨਾਲੋਂ ਅਲੱਗ ਹੁੰਦਾ ਹੈ, ਮਨ ਨੂੰ ਪਤਾ ਨਹੀਂ ਹੋਂਦਾ ਕਿ ਆਪਾ ਕਿਥੋਂ ਦੀ ਮਸਤੀ ਲੈ ਰਿਹਾ ਹੈ।

ਫ਼ਿਰ ਜਦ ਸੁਰਤ ਵਾਪਿਸ ਮੁੜਦੀ ਹੈ ਤੇ ਉਹ ਉਸ ਅਨੰਦ ਦੇ ਬਾਰੇ ਵਿਚ ਕੁਛ ਦਸ ਨਹੀਂ ਸਕਦੀ।

ਕਿਉਂ ਜੋ ਮਨ ਉਥੇ ਪਹੁੰਚ ਨਹੀਂ ਸਕਦਾ ਇਸ ਕਰਕੇ ਉਸ ਰਸ ਬਾਰੇ ਕੁਛ ਦਸ ਨਹੀਂ ਸਕਦਾ। ਪਰ ਉਸ ਅਨੰਦ ਦੇ ਰਸ ਦਾ ਅਕਹਿ ਅਸਰ ਸੰਸਕਾਰ ਮਾਤ੍ਰ ਕੁਛ ਇਸਤਰਾਂ ਦਾ ਮਨ ਦੇ ਉਤੇ ਪੈਂਦਾ ਹੈ; ਕਿ ਮਨ ਵਾਹਿ ਵਾਹਿ ਕਹਿ ਉਠਦਾ ਹੈ, ਅੰਤ ਵਾਹਿ ਵਾਹਿ ਤੋਂ ਬਿਨਾਂ ਕੁਛ ਕਹਿ ਨਹੀਂ ਸਕਦਾ।

ਸੋ ਵਾਹਿ ਨਾਮ ਐਸਾ ਹੈ, ਜਿਥੇ ਮਨ ਬਾਣੀ ਦੀ ਪਹੁੰਚ ਨਹੀਂ ਜੋ ਅਚਰਜ ਹੈ, ਉਸਨੂੰ ਵਾਹਿ ਕਹਿਣਾ ਹੀ ਜੋਗ ਹੈ। 'ਵਾਹਿ' ਨਾਮ ਬੀ ਹੈ, ਸਿਫਤ ਸਲਾਹ ਬੀ ਹੈ ਉਸਦਾ ਯਸ਼ ਤੇ ਕੀਰਤਨ ਬੀ ਹੈ। ਯਥਾ:—

ਵਾਹੁ ਵਾਹੁ ਸਿਫਤਿ ਸਲਾਹ ਹੈ, ਗੁਰਮੁਖਿ ਬੂਝੈ ਕੋਇ॥
ਸਦਾ ਸਿਫ਼ਤਿ ਸਲਾਹ ਤੇਰੀ ਨਾਮੁ ਮਨਿ ਵਸਾਵਏ॥

ਬਾਣੀ ਨੇ ਵਾਹਿ ਵਾਹਿ ਕਹਿ ਕੇ ਮੁਕ ਜਾਣ ਹੈ, ਮਨ ਨੇ ਉਰੇ ਹੀ ਰਹਿ ਜਾਣਾ ਹੈ, ਪਰੰਤੂ ਆ ਨੇ ਕਿਸੇ ਅਨਡਿਠੇ ਸਥਾਨ ਤੇ ਪਹੁੰਚ ਜਾਣਾ ਹੈ ਅਤੇ ਕਿਸੇ ਮਿਠੇ ਅੰਮ੍ਰਿਤ ਦੇ ਝਰਨੇ ਵਿਚੋ ਅੰਮ੍ਰਿਤ ਖਿਚ ਖਿਚ ਕੇ ਪਾਨ ਕਰਨਾ ਹੈ ਤੇ ਤ੍ਰਿਪ ਹੋਣਾ ਹੈ। ਪਰ ਇਹ ਨਾਮ ਰੂਪੀ ਅੰਮ੍ਰਿਤ ਐਸ ਅੰਮ੍ਰਿਤ ਹੈ ਕਿ ਜਿਨਾਂ ਪੀਵੋਗੇ ਉਤਨੀ ਹੀ ਪਿਆਸ ਹੋਰ ਵਧੇਗੀ।

ਯਥਾ — ਹਉ ਗੁਰੁ ਸਾਲਾਹਿ ਨ ਰਜਊ॥

ਇਹ ਅੰਮ੍ਰਿਤ ਰੂਪੀ ਹਰ ਕਾ ਨਾਮ ਐਸਾ ਹੈ ਕਿ ਇਸਨੂੰ ਜਿਤਨਾਂ ਛਕੋਗੇ ਉਤਨੀ ਭੁਖ ਹੋਰ ਵਧੇਗੀ।

ਜਿਨਾਂ ਵਡ ਭਾਗੇ ਗੁਰਮੁਖਾਂ ਨੇ ਇਹ ਅੰਮ੍ਰਿਤ ਰੂਪੀ ਹਰਿ ਕਾ ਨਾਮ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਪੰਜਾਂ ਪਿਆਰਿਆਂ ਕੋਲੋਂ ਵਾਹਿਗੁਰੂ ਗੁਰਮੰਤ੍ਰ ਦੀ ਦੀਖਿਆ ਲੈ ਕੇ ਇਸਦੀ ਕਮਾਈ ਕੀਤੀ ਹੈ, ਉਹ ਜਿਉਂ ੨ ਇਸ ਨਾਮ ਰੂਪੀ ਅੰਮ੍ਰਿਤ ਨੂੰ ਛਕਦੇ ਹਨ ਤਿਉਂ ੨ ਉਹਨਾਂ ਦੀ ਪਿਆਸ ਹੋਰ ਵਧਦੀ ਹੈ ਤੇ ਜੇ ਉਹਨਾਂ ਕੋਲੋਂ ਪੁਛੋ ਕਿ ਅਨੰਦ ਕਿਸਤਰਾਂ ਦਾ ਹੈ ਕਿ ਕੁਛ ਦਸੋ ਤ ਵਾਹਿ ਵਾਹਿ ਤੋਂ ਬਿਨਾਂ ਕੁਛ ਕਿਹਾ ਨਹੀਂ ਜ ਸਕਦਾ, ਕਿਉਂ ਜੁ—

ਵਾਹੁ ਵਾਹੁ ਸਤਿਗੁਰੁ ਨਿਰੰਕਾਰੁ ਹੈ
ਜਿਸੁ ਅੰਤੁ ਨ ਪਾਰਾਵਾਰੁ॥

ਵਾਹੁ ਨੂੰ ਦਸਿਆ ਨਹੀਂ ਜਾ ਸਕਦਾ, ਕੇਵਲ ਸਿਮਰਨ ਅਭਿਆਸ ਦਵਾਰਾ ਹੀ ਉਸ ਦਾ ਅਨੰਦ ਮਾਣਿਆ ਜਾ ਸਕਦਾ ਹੈ, ਜੇਹੜੇ ਗੁਰਮੁਖ ਅੰਮ੍ਰਿਤ ਵੇਲੇ ਨਾਮ ਅਭਿਆਸ ਕਮਾਈ ਕਰਦੇ ਹਨ ਉਹ ਵਡਭਾਗੇ ਹਨ। ਪਰਮਾਤਮਾ ਨੂੰ ਮਿਲਣ ਵਾਸ


www.AKJ.org

ਉਸਦੀ ਸਿਫ਼ਤ ਸਲਾਹ ਕਰਨਾ ਹੀ ਸਾਡਾ ਫਰਜ਼ ਹੈ, ਅਤੇ ਵਾਹਿ ਵਾਹਿ ਕਹਿਣਾ ਹੀ ਸਿਫ਼ਤ ਸਲਾਹ ਹੈ, ਏਹੀ ਇਕੋ ਠੀਕ ਰਸਤਾ ਹੈ ਜਿਸਦੇ ਸਿਮਰਨ ਨਾਲ ਪਰਮਾਤਮਾ ਨੂੰ ਜਲਦੀ ਮਿਲ ਸਕੀਦਾ ਹੈ। ਗੁਰਬਾਣੀ ਵਿਚ ਲਿਖਿਆ ਹੈ ਕਿ—

ਵਾਹੁ ਵਾਹੁ ਕਾ ਬਡਾ ਤਮਾਸਾ ॥

ਸੋ ਇਸ ਨੂੰ ਜਿਨਾਂ ਵੀ ਲਿਖੋ ਉਤਨਾਂ ਹੀ ਥੋੜਾ ਕਿਉਂ ਜੁ ਬੇਅੰਤ ਨੂੰ ਕਥਿਆ ਨਹੀਂ ਜਾ ਸਕਦਾ। ਆਉ ਹੁਣ ਅਸੀਂ 'ਗੁਰੂ' ਪਦ ਤੇ ਵੀਚਾਰ ਕਰੀਏ :—

ਦੋਹਰਾ—ਯਾਂ ਤੇ ਸੋ ਅਚਰਜ ਭਇਓ।
ਗੁਰੂ ਅਰਥ ਸੁਨਿ ਕਾਨਿ।
ਅੰਧਕਾਰ 'ਗੋ' ਨਾਮ, 'ਰੂ' ਪ੍ਰਕਾਸ਼ ਪਹਿਚਾਨ।
ਗੋ' ਤਮ ਜੜ ਅਗਿਆਨ ਅਨਿਤ
ਕਰ ਪ੍ਰਕਾਸ਼ ਚੇਤਨ ਰੂ ਚਿਤ

ਅਰਥ—'ਗੋ' ਨਾਮ ਹੈ ਅੰਧਕਾਰ ਦਾ ਅਤੇ ਉਹ ਅਨਿਤ ਹੈ।

ਗੋ' ਨਾਮ ਹਨੇਰੇ ਦਾ ਹੈ, ਹਨੇਰਾ ਰੋਸ਼ਨੀ ਦੇ ਅਭਾਵ ਨੂੰ ਕਹਿੰਦੇ ਹਨ।

ਗੁ' ਨਾਮ ਅਗਯਾਨ ਰੂਪੀ ਅੰਧੇਰੇ ਦਾ ਹੈ ਜੋ ਚਿਤਾਂ ਤੇ ਛਾ ਰਿਹਾ ਹੈ-ਪਰ ਉਹ ਅਨਿਤ ਹੈ।

ਰੂ' ਨਾਮ ਹੈ ਉਸ ਪ੍ਰਕਾਸ਼ ਸ੍ਵਰੂਪ ਦਾ ਜਿਸ ਨੇ ਐਸੇ ਅਗਯਾਨ ਵਾਲੇ ਚਿਤਾਂ ਨੂੰ ਪ੍ਰਕਾਸ਼ ਕੀਤਾ ਹੈ ਯਾ ਜਿਸਨੇ ਜੜ੍ਹ ਦੇਹ ਨੂੰ ਚੇਤਨ ਨਾਲ ਤੇ ਮਨ ਨੂੰ ਗਿਆਨ ਨਾਲ ਪ੍ਰਕਾਸ਼ ਕੀਤਾ ਹੈ।

ਸੋ ਗੁਰੂ ਦਾ ਅਰਥ ਹੋਇਆ ਕਿ ਜੁ ਅਗਯਾਨ ਤੇ ਅੰਧਕਾਰ ਨੂੰ ਦੂਰ ਕਰਕੇ ਚਿਤਾਂ ਨੂੰ ਪ੍ਰਕਾਸ਼ਿਤ ਕਰ ਦੇਣ ਵਾਲਾ ਹੈ।

ਜੋ ਪ੍ਰਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਪੰਜਾਂ ਪਿਆਰਿਆਂ ਕੋਲੋਂ ਵਾਹਿਗੁਰੂ ਗੁਰਮੰਤ੍ਰ ਦੀ ਦੀਖਿਆ ਲੈਂਦੇ, ਅਤੇ ਨਾਮ ਕਮਾਈ ਕਰਦੇ ਹਨ, ਉਹਨਾਂ ਨੂੰ ਇਉਂ ਪ੍ਰਤੀਤ ਹੁੰਦਾ ਹੈ ਕਿ ਇਸਤੋਂ ਪਹਿਲੋਂ ਉਹ ਅੰਧਕਾਰ ਵਿਚ ਸਨ, ਹੁਣ ਜਾਗ੍ਰਤ ਆਈ ਹੈ, ਇਕ ਪ੍ਰਕਾਸ਼ ਆਇਆ ਹੈ, ਅਤੇ ਫਿਰ ਸ਼ੁਕਰ ਵਜੋਂ ਕਹਿੰਦੇ ਹਨ ਕਿ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਹਨ ਜਿਨ੍ਹਾਂ ਨੇ ਐਸਾ ਗੁਰਮੰਤ੍ਰ ਬਨਾਇਆ ਹੈ, ਜਿਸਦੇ ਸਿਮਰਣ ਨਾਲ ਪ੍ਰਕਾਸ਼ ਹੋ ਗਿਆ, ਅਗਿਆਨ ਰੂਪੀ ਅੰਧੇਰਾ ਮਿਟ ਗਿਆ।

ਯਥਾ—ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ ਘਟਿ ਬਲਿਆ ॥

ਸੋ ਗੁਰੂ ਦਾ ਅਰਥ ਹੈ ਅੰਧਕਾਰ ਦੂਰ ਕਰਕੇ ਪ੍ਰਕਾਸ਼ ਦੇਣ ਵਾਲਾ। ਉਹ ਗੁਰੂ ਹੈ, ਪ੍ਰਕਾਸ਼ ਦਾਤਾ ਹੈ ਉਸਨੂੰ ਵਾਹਿਗੁਰੂ ਕਹਿ ਕੇ ਹੀ ਅਰਾਧਨਾ ਤੇ ਸਿਫ਼ਤ ਸਲਾਹ ਕਰਨਾ ਹੈ।

ਧੰਨ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਐਸਾ ਗੁਰਮੰਤ੍ਰ ਬਨਾਇਆ, ਜਿਹੜਾ ਕਿ ਅਮਲੀ ਜੀਵਨ ਵਿਚ ਆ ਜਾਣ ਵਾਲਾ ਹੈ ਇਸ ਵਾਹਿਗੁਰੂ ਗੁਰੂਮੰਤ੍ਰ ਨੂੰ ਕੰਨਾਂ ਨਾਲ ਸੁਣਕੇ ਗੁਰਸਿਖਾਂ ਨੇ ਸੁਖ ਪਾਇਆ ਹੈ ਸੋ ਇਹ ਐਸਾ ਮਿਠਾ ਤੇ ਸੋਹਣਾ ਅੰਮ੍ਰਿਤ ਰੂਪੀ ਫਲ ਹੈ ਜਿਸਨੂੰ ਰਜ ਰਜ ਕੇ ਛਕਨ ਤੋਂ ਬਾਦ ਵੀ ਭੁਖ ਬੁਝਦੀ ਨਹੀਂ ਸਗੋਂ ਹੋਰ ਛਕਨ ਦੀ ਇਛਾ ਹੁੰਦੀ। ਪਰ ਇਹ ਵਿਰਲੇ ਗੁਰਮੁਖਾਂ ਦੇ ਹਿਸੇ ਇਹ ਅੰਮ੍ਰਿਤ ਨਾਮ ਆਇਆ ਹੈ—

ਯਥਾ:—ਵਾਹੁ ਵਾਹੁ ਅੰਮ੍ਰਿਤ ਨਾਮੁ ਹੈ,
ਗੁਰਮੁਖਿ ਪਾਵੈ ਕੋਇ ॥

—o—


www.AKJ.org

# ਐਡੀਟਰ ਦੀ ਡਾਕ:-

ਸ੍ਰੀ ਮਾਨ ਐਡੀਟਰ ਸਾਹਿਬ "ਸੂਰਾ"

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹ ॥

ਆਪ ਦੇ ਪਤਰ "ਸੂਰਾ" ਮਹੀਨਾ ਮਈ ੧੯੬੮ ਦੇ ਸੰਪਾਦਕੀ ਲੇਖ ਵਿਚ ਜੋ ਛੋਟੇ ਬਚਿਆਂ ਨੂੰ ਗੁਰਬਾਣੀ ਨਾਲ ਜੋੜਨ ਦਾ ਸੁਝਾਓ ਦਿਤਾ ਗਿਆ ਹੈ, ਉਹ ਨੇਤਾ ਜੀ ਨਗਰ, ਨਵੀਂ ਦਿੱਲੀ ਦੀ ਆਮ ਸਿਖ ਜੰਤਾ ਜਿਸ ਵਿਚ ਸਹਿਜਧਾਰੀ ਵੀਰ ਵੀ ਸ਼ਾਮਲ ਹਨ ਨੇ ਬਹੁਤ ਪਸੰਦ ਕੀਤਾ ਹੈ।

ਇਸ ਦੇ ਮੁਤਾਬਕ ਦਾਸ ਦੀ ਡਿਊਟੀ ਲਗਾਈ ਗਈ ਸੀ ਕਿ ਪੰਜਾਬੀ ਪੜ੍ਹਨ ਵਾਲੇ ਬਚੇ ਜੋ ਦਾਸ ਦੇ ਪਾਸ ਗੁਰਦੁਆਰਾ ਸਿੰਘ ਸਭਾ ਨੇਤਾ ਜੀ ਨਗਰ ਵਿਚ ਪੰਜਾਬੀ ਪੜ੍ਹਨ ਵਾਸਤੇ ਇਕਤਰ ਹੁੰਦੇ ਹਨ ਉਨ੍ਹਾਂ ਦੀ ਮਦਦ ਨਾਲ ਇਸ ਸਕੀਮ ਨੂੰ ਅਮਲੀ ਜਾਮਾਂ ਪਹਿਨਾਇਆ ਜਾਵੇ। ਸੋ ਦਾਸ ਨੇ ਇਨ੍ਹਾਂ ਬੱਚਿਆਂ ਦੀ ਰਾਹੀਂ ਸਾਰੇ ਨੇਤਾ ਜੀ ਨਗਰ ਵਿਚ ਸਿੰਘ ਅਤੇ ਸਹਿਜਧਾਰੀ ਵੀਰਾਂ ਦੇ ਘਰਾਂ ਵਿਚ ਜਾ ਕੇ ਸਾਰੇ ਗੁਰੂ ਨਾਨਕ ਨਾਮ ਲੇਵਾ ਸਿਖਾਂ ਅਤੇ ਉਨ੍ਹਾਂ ਦੇ ਬਚਿਆਂ ਦੀ ਇਕ ਲਿਸਟ ਤਿਆਰ ਕੀਤੀ ਅਤੇ ਉਨ੍ਹਾਂ ਬਚਿਆਂ ਦੇ ਦੋ ਗਰੁਪ (Units) ਬਣਾ ਕੇ ਦੋ ਸੈਂਟਰ ਮੁਕਰਰ ਕਰ ਦਿਤੇ ਹਨ ਇਕ ਗਰੁਪ ਬਲਾਕ ਨੰਬਰ A,B ਅਤੇ F ਜੋ ਨੇੜੇ ਨੇੜੇ ਹਨ ਬਨਾਇਆ ਹੈ ਅਤੇ ਦੂਜਾ ਗਰੁਪ ਬਲਾਕ ਨੰਬਰ D ਅਤੇ E ਦਾ ਬਨਾਇਆ ਹੈ। ਪਾਠ ਕਰਨ ਦਾ ਅਸਥਾਨ ਪੈਹਲਾ ਹਫਤਾ ਇਕ ਸਜਣ ਦੇ ਘਰ ਰਖਿਆ ਗਿਆ ਸੀ ਹਰ ਹਫਤੇ ਤੋਂ ਬਾਹਦ ਉਹ ਅਸਥਾਨ ਬਦਲ ਦਿਤਾ ਜਾਂਦਾ ਹੈ, ਅਤੇ ਬੱਚੇ ਹੁਣ ਰੋਜ਼ਾਨਾ ਸੋਦਰ ਦਾ ਪਾਠ ਕਰਦੇ ਹਨ। ਅਰਦਾਸ ਵੀ ਕਰਦੇ ਹਨ। ਦਾਸ ਵੀ ਉਨ੍ਹਾਂ ਨੂੰ ਸੁਪਰਵਾਈਜ਼ ਕਰਨ ਵਾਸਤੇ ਕਦੀ ਇਕ ਗਰੁਪ ਨਾਲ ਅਤੇ ਕਦੀ ਦੂਸਰੇ ਨਾਲ ਸ਼ਾਮਲ ਹੋ ਜਾਂਦਾ ਹੈ। ਸੋ ਇਹ ਕੰਮ ਹੱਛਾ ਚਲ ਪਿਆ ਹੈ। ਪਾਠ ਵਿਚ ਬੱਚੇ ਹਾਲੀ ਗ਼ਲਤੀਆਂ ਕਰਦੇ ਹਨ ਜੋ ਉਸੇ ਵਕਤ ਸੋਧ ਦਿਤੀਆਂ ਜਾਂਦੀਆਂ ਹਨ। ਬਚਿਆਂ ਨੇ ਅਰਦਾਸ ਵੀ ਸ਼ੁਰੂ ਕਰ ਦਿਤੀ ਹੈ। ਇਸ ਵਿਚ ਆਮ ਲੜਕੀਆਂ ਹੀ ਸ਼ਾਮਲ ਹੁੰਦੀਆਂ ਹਨ। ਲੜਕਿਆਂ ਦੀ ਰੁਚੀ ਘਟ ਹੈ। ਉਮੀਦ ਹੈ ਅਗੋਂ ਛੁਟੀਆਂ ਖਤਮ ਹੋਣ ਤੇ ਹੋਰ ਬੱਚੇ ਵੀ ਸ਼ਾਮਲ ਹੋ ਜਾਣਗੇ।

ਦਾਸ ਖਾਸ ਤੌਰ ਤੇ ਛੋਟੀਆਂ ਲੜਕੀਆਂ ਨੂੰ ਜੋ ਸਕੂਲ ਵਿਚ ਪੰਜਾਬੀ ਪੜ੍ਹਦੀਆਂ ਹਨ ਉਨ੍ਹਾਂ ਨੂੰ ਗੁਰਦੁਆਰਾ ਸਾਹਿਬ ਵਿਚ ਪੰਜਾਬੀ ਪੜ੍ਹਾਨ ਦੀ ਸੇਵਾ ਕਰਦਾ ਹੈ ਜਿਸ ਦਾ ਵਕਤ ਸ਼ਾਮ ਨੂੰ ੫ ਵਜੇ ਤੋਂ ੬ ਵਜੇ ਤਕ ਹੈ। ਕੁਝ ਛੋਟੇ ਲੜਕੇ ਵੀ ਦਾਖਲ ਹੋ ਗਏ ਹਨ ਪਰ ਉਨ੍ਹਾਂ ਦਾ ਵਕਤ ਸਵੇਰੇ ੮ ਤੋਂ ੯ ਵਜੇ ਤਕ ਰਖਿਆ ਹੈ।

ਨੇਤਾ ਜੀ ਨਗਰ ਦੀ ਸਿਖ ਜੰਤਾ "ਸੂਰਾ" ਦੇ ਇਸ ਸੁਝਾਓ ਦੀ ਅਤਿ ਧੰਨਵਾਦੀ ਹੈ।

ਨੋਟ:—ਸੋਦਰ ਦਾ ਪਾਠ ਠੀਕ ੭-੩੦ ਵਜੇ ਸ਼ਾਮ ਨੂੰ ਸ਼ੁਰੂ ਹੋ ਜਾਂਦਾ ਅਤੇ ਉਤਸ਼ਾਹ ਵਧਾਣ ਵਾਸਤੇ ਇਨ੍ਹਾਂ ਬਚਿਆਂ ਨੂੰ ਨੰਬਰ ਦਿਤੇ ਜਾਂਦੇ ਹਨ ਜੋ ਇਨ੍ਹਾਂ ਦੀ ਪੰਜਾਬੀ ਦੀ ਪੜ੍ਹਾਈ ਵਿਚ ਸ਼ਾਮਲ ਕਰਕੇ ਉਸਦੇ ਮੁਤਾਬਕ ਇਨਾਮ ਦਿਤੇ ਜਾਂਦੇ ਹਨ।

ਦਾਸ :—ਸੋਹਨ ਲਾਲ ਸਿੰਘ


www.AKJ.org

# ਸਾਲਾਨਾ ਕੀਰਤਨ ਸਮਾਗਮ ਪ੍ਰੋਗਰਾਮ ਅੰਬਾਲਾ-ਛਾਉਣੀ

| ਤਾਰੀਖ | ਦਿਨ | ਸਮਾਂ | ਕੀਰਤਨ ਅਸਥਾਨ |
|---|---|---|---|
| 12-8-68 | ਸੋਮਵਾਰ | ਸਵੇਰੇ 5 ਵਜੇ | ਕੀਰਤਨ ਤੇ ਅਰੰਭ ਸ੍ਰੀ ਅਖੰਡ ਪਾਠ ਗੁਰਦਵਾਰਾ ਗੋਬਿੰਦ ਨਗਰ ਅੰਬਾਲਾ ਛਾਉਣੀ। |
| 14-8-68 | ਬੁਧਵਾਰ | ਸਵੇਰੇ 5 ਤੋਂ 12 | ਭੋਗ ਸ੍ਰੀ ਅਖੰਡ ਪਾਠ ਤੇ ਕੀਰਤਨ ਆਸਾ ਜੀ ਦੀ ਵਾਰ। |
| 14-8-68 | ਬੁਧਵਾਰ | ਸ਼ਾਮ 7½ ਤੋਂ 10½ | ਕੀਰਤਨ ਗੁਰਦਵਾਰਾ ਲਾਲ ਕੁੜਤੀ ਅੰਬਾਲਾ ਛਾਉਣੀ। |
| 15-8-68 | ਵੀਰਵਾਰ | ਸਵੇਰੇ 5 ਤੋਂ 12 | ਕੀਰਤਨ ਆਸਾ ਜੀ ਦੀ ਵਾਰ ਗੁ: ਸ੍ਰੀ ਗੁਰੂ ਸਿੰਘ ਸਭਾ ਅੰਬਾਲਾ ਛਾਉਣੀ |
| 15-8-68 | ਵੀਰਵਾਰ | ਸ਼ਾਮ 7½ ਤੋਂ 10½ | ਕੀਰਤਨ ਗੁਰਦਵਾਰਾ ਰਜਮੈਂਟ ਬਜ਼ਾਰ ਅੰਬਾਲਾ ਛਾਉਣੀ। |
| 16-8-68 | ਸ਼ੁਕਰਵਾਰ | ਸਵੇਰੇ ਦਿਨ ਸੁਹੇਲਾ ਕੀਰਤਨ | ਗੁਰਦਵਾਰਾ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਪੰਜੋਖਰਾ ਸਾਹਿਬ। |
| 17-8-68 | ਸਨਿਚਰਵਾਰ | ਸਵੇਰੇ 5 ਤੋਂ 12 | ਕੀਰਤਨ ਆਸਾ ਜੀ ਦੀ ਵਾਰ ਗੁਰਦਵਾਰਾ ਕਸ਼ਤਰੀ ਸਤਿਸੰਗ ਸਭਾ, ਅੰਬਾਲਾ ਛਾਉਣੀ। |
| 17-8-68 | ਸਨਿਚਰਵਾਰ | ਸ਼ਾਮ ਕੀਰਤਨ ਰੈਣ ਸਬਾਈ 8 ਵਜੇ ਅਰੰਭ | ਗੁਰਦਵਾਰਾ ਗੋਬਿੰਦ ਨਗਰ, ਅੰਬਾਲਾ ਛਾਉਣੀ। |
| 18-8-68 | ਐਤਵਾਰ | ਸਵੇਰੇ 8 ਵਜੇ ਸਮਾਪਤੀ ਸਮਾਗਮ। | |

ਨੋਟ:—(ੳ) ਅੰਮ੍ਰਿਤ ਸੰਚਾਰ ਸਮਾਗਮ ਸਨਿਚਰਵਾਰ 17 ਅਗਸਤ 1968 ਨੂੰ ਸ਼ਾਮ ਦੇ 3 ਵਜੇ ਪ੍ਰਾਰੰਭ ਹੋਵੇਗਾ। ਅੰਮ੍ਰਿਤ ਅਭਲਾਸ਼ੀ ਸਜਣ ਤਿਆਰ ਹੋ ਕੇ ਸਮੇਂ ਅਨੁਸਾਰ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰਨ।

(ਅ) ਬਾਹਰੋਂ ਆਉਣ ਵਾਲੀਆਂ ਸੰਗਤਾਂ ਦਾ ਰਿਹਾਇਸ਼ ਦਾ ਪ੍ਰਬੰਧ ਗੁਰਦਵਾਰਾ ਗੋਬਿੰਦ ਨਗਰ ਅੰਬਾਲਾ ਛਾਉਣੀ ਵਿਖੇ ਹੋਵੇਗਾ।

(ੲ) ਬਿਸਤਰੇ ਲੋੜ ਅਨੁਸਾਰ ਨਾਲ ਲਿਆਉਣ ਦੀ ਕ੍ਰਿਪਾਲਤਾ ਕਰਨੀ ਜੀ।

ਪੁਛ ਗਿਛ ਲਈ—
**ਭਾਈ ਇੰਦਰ ਸਿੰਘ ਗੁਲਾਟੀ**
**ਗੋਬਿੰਦ ਨਗਰ, ਅੰਬਾਲਾ ਛਾਉਣੀ।**

ਆਪ ਜੀ ਦੇ ਦਰਸ਼ਨ ਅਭਿਲਾਸ਼ੀ —
**ਨਿਰਬਾਣ ਕੀਰਤਨੀ ਜਥਾ,**
**ਅੰਬਾਲਾ ਛਾਉਣੀ।**


www.AKJ.org

## 'ਸੂਰਾ' ਰਾਹੀਂ ਹੋ ਰਹੇ ਗੁਰਮਤਿ ਪਰਚਾਰ ਲਈ ਪ੍ਰਾਪਤ ਮਾਇਕ ਸਹਾਇਤਾ

ਹੇਠ ਲਿਖੇ ਗੁਰਮੁਖ ਪਿਆਰਿਆਂ ਨੇ ਗੁਰਮਤਿ ਪ੍ਰਚਾਰ ਨਾਲ ਪਿਆਰ ਕਰਦੇ ਹੋਏ ਇਸ ਮਾਸਕ ਪਤਰ ਦੀ ਤਰੱਕੀ ਲਈ ਮਾਇਕ ਸਹਾਇਤਾ ਭੇਜੀ ਹੈ। ਅਸੀਂ ਉਹਨਾਂ ਦਾ ਧੰਨਵਾਦ ਕਰਦੇ ਹਾਂ ਅਤੇ ਅਰਦਾਸ ਕਰਦੇ ਹਾਂ ਸਚਾ ਪਾਤਸ਼ਾਹ ਉਹਨਾਂ ਨੂੰ ਨਾਮ ਦੀਆਂ ਚੜ੍ਹਦੀਆਂ ਕਲਾਂ ਬਖਸ਼ੇ ਤੇ ਖ਼ਜ਼ਾਨੇ ਭਰਪੂਰ ਕਰੇ। ਸਿਖੀ ਜੀਵਨ ਤੇ ਸਿਦਕ ਭਰੋਸੇ ਦੀ ਦਾਤ ਬਖ਼ਸ਼ੇ। (ਐਡੀਟਰ)

| ਨੰ: | ਨਾਮ | ਸਹਾਇਤਾ ਵਜੋਂ ਆਈ ਰਕਮ ਦਾ ਵੇਰਵਾ ਰੁਪਏ |
|---|---|---|
| ੧. | ਸੀ.ਪੀ.ਐਲ. ਹਰਚਰਨ ਸਿੰਘ, ਏਅਰ ਫ਼ੋਰਸ, ਕਾਨ੍ਹਪੁਰ | ੪ |
| ੨. | ਸ. ਹਰਨਾਮ ਸਿੰਘ ਜੀ 'ਵਾਸੂ' ਚੰਡੀਗੜ੍ਹ | ੨੫੦ |
| ੩. | ਭਾ. ਹਰਬੰਸ ਸਿੰਘ ਗੁੰਬੀ ਢੁਡੀਆਂਵਾਲਾ (ਕਪੂਰਥਲਾ) | ੫ |
| ੪. | ਪ੍ਰਧਾਨ ਯਾਤਰਾ ਕਮੇਟੀ ਹਜ਼ੂਰ ਸਾਹਿਬ (ਚੰਡੀਗੜ੍ਹ) | ੧੦੧ |
| ੫. | ਅਖੰਡ ਕੀਰਤਨੀ ਜਥਾ ਚੰਡੀਗੜ੍ਹ | ੩੮ |
| ੬. | ਮਾਸਟਰ ਮੇਵਾ ਸਿੰਘ, ਅਮਰ ਸਿੰਘ ਲੁਧਿਆਣਾ ਮਾਰਫ਼ਤ ਭਾਈ ਹਰਚਰਨ ਸਿੰਘ | ੨੦ |
| ੭. | ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਮਥਰਾ | ੧੧ |

## ਪਿੰਡ ਰਸੂਲਪੁਰ ਵਿਖੇ ਅਖੰਡ ਪਾਠ ਸਮਾਗਮ

ਅਖੰਡ ਕੀਰਤਨੀ ਜਥਾ ਪਟਿਆਲਾ ਵਲੋਂ ਦਾਸ ਦੇ ਗ੍ਰਹਿ ਵਿਖੇ 12, 13, 14 ਜੁਲਾਈ ਨੂੰ ਅਖੰਡ ਪਾਠ ਸਮਾਗਮ ਹੋ ਰਿਹਾ ਹੈ ਸਰਬਤ ਸੰਗਤਾਂ ਦਾਸ ਦੇ ਗ੍ਰਹਿ ਵਿਖੇ ਦਰਸ਼ਨ ਬਖ਼ਸ਼ ਕੇ ਧੰਨਵਾਦੀ ਬਨਾਉਣ।

ਸੰਗਤਾਂ ਦੇ ਚਰਨਧੂੜ ਦਾ ਜਾਚਕ—ਹਾਕਮ ਸਿੰਘ
ਪਿੰਡ ਰਸੂਲਪੁਰ ਸੈਦਾਂ (ਪਟਿਆਲਾ)

ਨੋਟ—ਪਿੰਡ ਰਸੂਲਪੁਰ ਰੇਲਵੇ ਸਟੇਸ਼ਨ ਪਟਿਆਲਾ ਤੋਂ ਸਿਰਫ਼ 4 ਫ਼ਰਲਾਂਗ ਤੇ ਰਾਜਪੁਰਾ ਨੂੰ ਜਾਣ ਵਾਲੀ ਰੇਲਵੇ ਲਾਈਨ ਦੇ ਉਪਰ ਹੈ।

## ਧੰਨਵਾਦ !

ਜਿਨ੍ਹਾਂ ਜਿਨ੍ਹਾਂ ਗੁਰਮੁਖ ਪਿਆਰਿਆਂ, ਸੁਹਿਰਦ ਸਨੇਹੀਆਂ ਤੇ ਮਿੱਤਰਾਂ ਵਲੋਂ 'ਸੂਰਾ' ਪਟਿਆਲਾ ਦੇ ਮੈਨੇਜਰ ਗਿ: ਪਿਆਰਾ ਸਿੰਘ ਜੀ ਦੇ ਮਾਤਾ ਜੀ ਦੇ ਅਕਾਲ ਚਲਾਣੇ ਸੰਬੰਧੀ ਹਮਦਰਦੀ ਭਰੇ ਪੱਤ੍ਰ ਪੁਜੇ ਹਨ, ਉਹਨਾਂ ਸਭ ਸਜਣਾਂ ਦਾ 'ਸੂਰਾ' ਰਾਹੀਂ ਗਿਆਨੀ ਜੀ ਵਲੋਂ ਧੰਨਵਾਦ ਕੀਤਾ ਜਾਂਦਾ ਹੈ।(ਦਾਸ—ਐਡੀਟਰ)

**ਪਾਠਕਾਂ ਪ੍ਰਤੀ:—** ਜਿਨ੍ਹਾਂ ਪਾਠਕਾਂ ਦੇ ਚੰਦੇ ਖ਼ਤਮ ਹੋ ਚੁਕੇ ਹਨ ਉਹ ਆਪਣੇ ਆਪਣੇ ਚੰਦੇ ਸ਼ੀਘਰ ਹੀ ਮੈਨੇਜਰ 'ਸੂਰਾ' ਰਾਘੋਮਾਜਰਾ ਪਟਿਆਲਾ ਦੇ ਨਾਮ ਭੇਜ ਦੇਣ, ਤਾਕਿ ਅਗੋਂ ਲਈ ਪ੍ਰਚਾ ਜਾਰੀ ਰਖਿਆ ਜਾ ਸਕੇ।

ਮੈਨੇਜਰ "ਸੂਰਾ"


www.AKJ.Org

# ਇਕ ਅਕਾਲ ਸਹਾਏ ਲਿਖਾਣ ਵਾਲਾ

(ਹਰਬੰਸ ਕੌਰ ਬੰਸ ਸੁਦਾਰਨੀ ਨਾਨਕ ਸਿੰਘ ਸ਼ਹੀਦ ਪਟਿਆਲਾ)

ਅਜ ਉਸ ਦੀ ਯਾਦ ਮਨਾਂਵਦੇ ਹਾਂ, ਜੋ ਸ਼ੇਰੇ ਪੰਜਾਬ ਅਖਾਨ ਵਾਲਾ।
ਨਹੀਂ ਸਿੱਕਾ ਤੇ ਮੋਹਰ ਚਲਾਈ ਆਪਣੀ, ਇਕ ਅਕਾਲ ਸਹਾਏ ਲਿਖਾਨ ਵਾਲਾ।
ਜਿਥੇ ਗੁਰਦਵਾਰੇ ਨੂੰ ਮੰਨਦਾ ਸੀ, ਮੰਦਰ ਮਸਜਦਾਂ ਤਾਈਂ ਅਪਨਾਣ ਵਾਲਾ।
ਵਿਸ਼ਵਾ ਨਾਥ ਦਾ ਮੰਦਰ ਬਨਾਰਸ ਦੇ ਵਿਚ,ਤੇਤੀ ਮਣ ਸੀ ਸੋਨਾ ਲਗਾਣ ਵਾਲਾ।
ਜਿਥੇ ਕਰੇ ਸੇਵਾ ਤੇ ਲਿਖਾ ਦਿੰਦਾ, ਤੇਰਾ ਟਹਿਲੂਆ ਸੇਵਾ ਕਰਾਣ ਵਾਲਾ।
ਹੋਵ ਭੁੱਲ ਤਾਂ ਗਲ ਵਿਚ ਪਾ ਪੱਲੂ, ਫੂਲਾ ਸਿੰਘ ਤੋਂ ਕੋਰੜੇ ਖਾਣ ਵਾਲਾ।
ਜਦੋਂ ਕਰ ਅਰਦਾਸਾ ਟੁਰ ਪੈਂਦਾ ਦਰਿਆ ਅਟਕ ਨੂੰ ਸੀ ਅਟਕਾਣ ਵਾਲਾ।
ਕਿਸੇ ਕਿਹਾ ਨਾਮ ਬਾਗ ਦਾ ਰਣਜੀਤ ਰਖੀਏ,*ਰਾਮ ਬਾਗ ਸੀ ਨਾਮ ਰਖਾਣ ਵਾਲਾ।
ਸਾਂਝਾ ਰਾਜ ਸੀ ਸਭ ਪੰਜਾਬੀਆਂ ਦਾ, ਦਵੈਤ ਭਾਵ ਨਾਂ ਕਿਧਰੇ ਵਿਖਾਣ ਵਾਲਾ।
ਏਕ ਪਿਤਾ ਤੇ ਇਕ ਦੇ ਸਭ ਬੱਚੇ, ਨਕਸ਼ਾ ਏਕੇ ਦਾ ਖਿਚ ਸਮਝਾਣ ਵਾਲਾ।
ਜਰਨੈਲ ਹਰੀ ਸਿੰਘ ਨਲੂਏ ਨੇ ਧਾਂਕ ਪਾਈ,ਝੰਡਾ ਵਿਚ ਜਮਰੌਦ ਝੁਲਾਣ ਵਾਲਾ।
ਹਰੀਆ ਰਾਘਲੇ ਆਪ ਡਰਾਨ ਬੱਚੇ, ਐਸਾ ਰੋਹਬ ਪਠਾਣਾਂ ਤੇ ਪਾਣ ਵਾਲਾ।
ਗੋਲੀ ਲੱਗੀ ਸੀ ਕੋਹਰ ਕਹਲੋਰ ਵਾਲੀ, ਕਿਹੜਾ ਸੁਤੜੇ ਸ਼ੇਰ ਜਗਾਣ ਵਾਲਾ।
ਸੱਜੀ ਬਾਂਹ ਸੀ ਰਾਣੇ ਰਣਜੀਤ ਸੰਦੀ, ਰਾਜਾ ਨੈਣੋਂ ਨੀਰ ਵਹਾਣ ਵਾਲਾ।
ਨੂਰੀ ਦਾਹੜਾ ਤੇ ਚੇਹਰਾ ਪ੍ਰਤਾਪ ਵਾਲਾ, ਕੰਧਾਂ ਕਾਬਲ ਕੰਧਾਰ ਕੰਬਾਣ ਵਾਲਾ।
ਗੁਜਰਾਂਵਾਲੇ ਦੀ ਧਰਤੀ ਨੂੰ ਫ਼ਖ਼ਰ ਜਾਣੋਂ, ਸਿਖ ਰਾਜ ਦੇ ਤਾਰੇ ਚਮਕਾਣ ਵਾਲਾ।
ਜਨਮ'ਬੰਸ'ਦਾ ਭੀ ਉਸੇ ਸ਼ਹਿਰ ਹੋਇਆ ਜੋ ਹਮ-ਸ਼ਹਿਰੀ ਸੋ ਮੀਤ ਸਦਾਣ ਵਾਲਾ।

*ਸ੍ਰੀ ਗੁਰੂ ਰਾਮ ਦਾਸ ਜੀ ਦੇ ਨਾਮ

**ਰਿਸ਼ਤੇ ਨਾਤੇ :—** ਮੇਰੀ ਉਮਰ ੩੫ ਸਾਲ ਤੋਂ ਹੇਠ ਕੰਮ ਗ੍ਰੰਥੀ ਤਖਤੂ ਪੁਰੇ ਸਾਹਿਬ ਕੀਰਤਨ ਭੀ ਕਰ ਦਾ ਹਾਂ। ਜ਼ਮੀਨ ੩੦ ਬਿਘੇ ਹੋਵੇਗੀ ਤਨਖਾਹ ੭੦) ਮਾਹਵਾਰ ਹੈ। ਕਿਸੇ ਗੁਰਸਿਖ ਸਾਥਣ ਦੀ ਲੋੜ ਜੋ ਚੰਗੇ ਜੀਵਨ ਵਾਲੇ ਹੋਣ ਹੋਰ ਕਿਸੇ ਚੀਜ਼ ਦੀ ਲੋੜ ਨਹੀਂ; ਦਾਜ ਬਗੈਰਾ ਦੇਣ ਲੈਣ ਦਾ ਕੋਈ ਲਾਲਚ ਹੀਂ ਹੈ। ਹੋਰ ਪਤਾ ਡਾਕ ਰਾਹੀਂ ਕਰੋ ਯਾ ਮਿਲੋ।

ਪਤਾ—

ਦਾਸ—ਗ੍ਰੰਥੀ ਮੋਹਨ ਸਿੰਘ ਪਿੰਡ ਤਖਤੂਪੁਰਾ ਡਾਕਖ਼ਾਨਾ ਖਾਸ
ਜ਼ਿਲਾ ਫਿਰੋਜਪੁਰ ਤਹਿਸੀਲ ਮੋਗਾ
ਗੁਰਦਵਾਰਾ ਸਾਹਿਬ ਨਾਨਕਸਰ।



www.AKJ.org